Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

FOR ADVERTISING IN CANADIAN PUNJABI POST CALL: 905-793-2202

Vol 19*Issue 64 | Tuesday, April 07, 2020 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

# ਮੌਜੂਦਾ ਬੈਨੇਫਿਟਸ ਤੋਂ ਵਾਂਝੇ ਕੈਨੇਡੀਅਨਾਂ ਲਈ ਵੀ ਜਲਦ ਐਮਰਜੈਂਸੀ ਬੈਨੇਫਿਟ ਲਿਆਵੇਗੀ ਸਰਕਾਰ : ਟਰੂਡੋ





ਓਟਵਾ, 6 ਅਪਰੈਲ (ਪੋਸਟ ਬਿਊਰੋ) : ਕੋਵਿਡ-19 ਹੁਣ ਜਦੋਂ ਇੱਕ ਹੋਰ ਹਫਤੇ ਵਿੱਚ ਦਾਖਲ ਹੋ ਗਿਆ ਹੈ ਤਾਂ ਇਸ ਨਾਲ ਨਜਿੱਠਣ ਦੀਆਂ ਕੈਨੇਡਾ ਦੀਆਂ ਤਿਆਰੀਆਂ ਵੀ ਹੋਰ ਤੇਜ਼ ਕਰ ਦਿੱਤੀਆਂ ਗਈਆਂ ਹਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਜਲਦ ਹੀ ਫੈਡਰਲ ਸਰਕਾਰ ਉਨ੍ਹਾਂ ਕੈਨੇਡੀਅਨਾਂ ਲਈ ਐਮਰਜੰਸੀ ਬੈਨੇਫਿਟਸ ਲੈ ਕੇ ਆਵੇਗੀ ਜਿਹੜੇ ਇਸ ਸਮੇਂ ਉਨ੍ਹਾਂ ਲਈ ਕੁਆਲੀਫਾਈ ਨਹੀਂ ਕਰਦੇ।

ਟਰੂਡੋ ਨੇ ਆਖਿਆ ਕਿ ਅਜੇ ਵੀ ਜਿਨ੍ਹਾਂ ਕੈਨੇਡੀਅਨਾਂ ਕੋਲ ਕੰਮ ਹੈ ਪਰ ਉਹ ਮਹਾਮਾਰੀ ਕਾਰਨ 10 ਘੰਟੇ ਜਾਂ ਇਸ ਤੋਂ ਘਟ ਕੰਮ ਕਰਦੇ ਹਨ, ਜਿਵੇਂ ਕਿ ਗਿਗ ਇਕੌਨਮੀ ਜਾਂ ਕਾਂਟਰੈਕਟ ਵਰਕਰਜ਼, ਜਾਂ ਜਿਹੜੇ ਕੰਮ ਕਰ ਰਹੇ ਹਨ ਪਰ ਉਨ੍ਹਾਂ ਨੂੰ ਉਸ ਨਾਲੋਂ ਘਟ ਪੈਸੇ ਮਿਲ ਰਹੇ ਹਨ ਜਿਹੜੇ ਉਨ੍ਹਾਂ ਨੂੰ ਕੈਨੇਡਾ ਐਮਰਜੰਸੀ ਰਿਸਪਾਂਸ ਬੈਨੇਫਿਟ ਸਦਕਾ ਹਾਸਲ ਹੋ ਸਕਦੇ ਸਨ, ਉਨ੍ਹਾਂ ਲਈ ਵੀ ਫੈਡਰਲ ਸਹਾਇਤਾ ਜਲਦ ਲਿਆਂਦੀ ਜਾ ਰਹੀ ਹੈ।

ਟਰੂਡੋ ਨੇ ਆਖਿਆ ਕਿ ਅਜਿਹੇ ਲੋਕਾਂ ਦੇ ਵੀ ਗਰੁੱਪਜ਼ ਹਨ ਜਿਨ੍ਹਾਂ ਨੂੰ ਕੈਨੇਡਾ ਐਮਰਜੰਸੀ ਰਿਸਪਾਂਸ ਬੈਨੇਫਿਟ ਤੋਂ ਫਾਇਦਾ ਹੋਣਾ ਚਾਹੀਦਾ ਸੀ ਪਰ ਨਹੀਂ ਹੋ ਰਿਹਾ। ਅਸੀਂ ਇਹ ਰਾਹ ਲੱਭਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਉਨ੍ਹਾਂ ਦੀ ਤਨਖਾਹ ਵਿੱਚ ਥੋੜ੍ਹਾ ਬਹੁਤ ਵਾਧਾ ਕਿਸ ਤਰ੍ਹਾਂ ਕੀਤਾ ਜਾਵੇ ਤਾਂ ਕਿ ਕੰਮ ਛੱਡ ਕੇ ਘਰ ਬਹਿਣ ਤੇ ਐਮਰਜੰਸੀ ਰਿਸਪਾਂਸ ਬੈਨੇਫਿਟ ਹਾਸਲ ਕਰਨ ਦੀ ਬਜਾਏ ਕੰਮ ਕਰਦਿਆਂ ਵੀ ਉਨ੍ਹਾਂ ਨੂੰ ਫਾਇਦਾ ਹੋ ਸਕੇ।

# ਅਮਰੀਕਾ ਵਿੱਚ ਕੋਰੋਨਾ ਦੇ ਕਾਰਨ ਮੌਤਾਂ ਦੀ ਗਿਣਤੀ 10,000 ਤੋਂ ਟੱਪੀ

*** ਨਿਊ ਯਾਰਕ ਵਿੱਚ ਮੌਤਾਂ ਦੀ ਗਿਣਤੀ 4758 ਹੋਈ * ਦੁਨੀਆਂ ਭਰ ਵਿੱਚ ਕੋਰੋਨਾ ਦਾ ਕਹਿਰ ਵਧਣਾ ਲਗਾਤਾਰ ਜਾਰੀ**



ਨਿਊਯਾਰਕ, 7 ਅਪਰੈਲ, (ਪੋਸਟ ਬਿਊਰੋ)- ਕੋਰੋਨਾ ਦੀ ਮਹਾਮਾਰੀ ਕਾਰਨ ਅਮਰੀਕਾ ਮਰਨ ਵਾਲਿਆਂ ਦੀ ਗਿਣਤੀ ਦਸ ਹਜ਼ਾਰ ਤੋਂ ਪਾਰ ਚਲੀ ਗਈ ਹੈ ਅਤੇ ਇਸ ਬਿਮਾਰੀ ਦੇ ਕੁੱਲ ਕੇਸਾਂ ਦੀ ਗਿਣਤੀ ਸਾਢੇ ਤਿੰਨ ਲੱਖ ਦੇ ਨੇੜੇ ਪੁੱਜ ਗਈ ਹੈ। ਇਸ ਦੇਸ਼ ਵਿਚ ਸਭ ਤੋਂ ਵੱਧ ਮੌਤਾਂ ਨਿਊਯਾਰਕ ਵਿਚ 4,758 ਹੋਈਆਂ ਹਨ।

ਅਮਰੀਕਾ ਦੇ ਸਰਜਨ ਜਨਰਲ ਨੇ ਚਿਤਾਵਨੀ ਦਿੱਤੀ ਹੈ ਕਿ ਇਹ ਹਫਤਾ ਬਹੁਤ ਮੁਸ਼ਕਲਾਂ ਤੇ ਉਦਾਸੀ ਭਰਿਆ ਹੋ ਸਕਦਾ ਹੈ। ਉਨ੍ਹਾਂ ਨੇ ਲੋਕਾਂ ਨੂੰ ਆਪੋ ਆਪਣੇ ਘਰਾਂ ਵਿਚ ਰਹਿਣ ਅਤੇ ਸੋਸ਼ਲ ਡਿਸਟੈਂਸਿੰਗ ਰੱਖਣ ਦੀ ਬੇਨਤੀ ਕੀਤੀ ਅਤੇ ਕਿਹਾ ਕਿ ਇਸ ਵਕਤ ਹਰ ਅਮਰੀਕੀ ਨੂੰ ਸਮਝਣ ਦੀ ਲੋੜ ਹੈ ਕਿ ਉਹ ਇਸ ਰੁਝਾਨ ਨੂੰ ਵਧਾਉਣਾ ਚਾਹੁੰਦੇ ਹਨ ਜਾਂ ਰੋਕ ਲੈਣਾ ਚਾਹੁੰਦੇ ਹਨ। ਇਹ ਸਾਰੇ ਦੇਸ਼ ਦੇ ਲੋਕਾਂ ਨੂੰ ਸੋਚਣਾ ਪਵੇਗਾ। ਭਾਰਤ ਵਿੱਚ ਮੰਗਲਵਾਰ ਦਾ ਦਿਨ ਹੋਣ ਤੱਕ ਅਮਰੀਕਾ ਵਿੱਚ ਕੁੱਲ 3,64,885 ਕੇਸ ਦੱਸੇ ਗਏ ਅਤੇ ਮੌਤਾਂ ਦੀ ਕੁੱਲ ਗਿਣਤੀ 10859 ਹੋ ਚੁੱਕੀ ਹੈ।

...ਬਾਕੀ ਪੰਨਾ 6 'ਤੇ

## ਅੰਦਰ ਪੜ੍ਹੋ

ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਦੀ ਤਬੀਅਤ ਵਿਗੜੀ — ਪੰਨਾ 03

ਪੰਜਾਬ ਵਿੱਚ ਕੋਰੋਨਾ ਦੇ ਪਾਜ਼ਿਟਿਵ ਕੇਸਾਂ ਦੀ ਗਿਣਤੀ 79 ਤੇ ਮੌਤਾਂ ਦੀ ਗਿਣਤੀ 8 ਹੋਈ — ਪੰਨਾ 04


# ਇਸ ਹਫਤੇ ਦੇ ਅੰਤ ਤੱਕ ਓਨਟਾਰੀਓ ਪਹੁੰਚ ਜਾਣਗੇ 500,000 ਐਨ95 ਮਾਸਕਸ



ਟੋਰਾਂਟੋ, 6 ਅਪਰੈਲ (ਪੋਸਟ ਬਿਊਰੋ) : ਇਸ ਹਫਤੇ ਦੇ ਅੰਤ ਤੱਕ 500,000 ਐਨ95 ਮਾਸਕਸ ਓਨਟਾਰੀਓ ਪਹੁੰਚ ਜਾਣਗੇ। ਫਿਰ ਭਾਵੇਂ ਫਰੰਟ ਲਾਈਨ ਹੈਲਥ ਵਰਕਰਜ਼ ਲਈ ਪਰਸਨਲ ਪ੍ਰੋਟੈਕਟਿਵ ਇਕਿਉਪਮੈਂਟ ਲਈ ਭਾਵੇਂ ਅਮਰੀਕੀ ਸਰਕਾਰ ਨਾਲ ਸੰਘਰਸ਼ ਹੀ ਕਿਉਂ ਨਾ ਕਰਨਾ ਪਵੇ।

ਇਹ ਖਬਰ ਉਦੋਂ ਆਈ ਜਦੋਂ ਓਨਟਾਰੀਓ ਆ ਰਹੀ ਮਾਸਕਸ ਦੀ ਇਸ ਖੇਪ ਨੂੰ ਅਮਰੀਕੀ ਪ੍ਰੋਡਕਸ਼ਨ ਫੈਸਿਲਿਟੀ ਉੱਤੇ ਰੋਕ ਦਿੱਤਾ ਗਿਆ। ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਕੁੱਝ ਦਿਨ ਪਹਿਲਾਂ ਐਨ95 ਮਾਸਕਸ ਬਣਾਉਣ ਵਾਲੀ ਕੰਪਨੀ 3ਐਮ ਨੂੰ ਇਹ ਹੁਕਮ ਜਾਰੀ ਕੀਤੇ ਗਏ ਸਨ ਕਿ ਉਹ ਕੈਨੇਡਾ ਤੇ ਸਾਊਥ ਅਮਰੀਕਾ ਲਈ ਸਪਲਾਈ ਭੇਜਣੀ ਬੰਦ ਕਰ ਦੇਵੇ।

ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਸੋਮਵਾਰ ਨੂੰ ਖੁਲਾਸਾ ਕੀਤਾ ਕਿ ਅਮਰੀਕੀ-ਕੈਨੇਡੀਆਈ ਸਰਹੱਦ ਉੱਤੇ ਲਾਈਆਂ ਗਈਆਂ ਤਾਜ਼ਾ ਪਾਬੰਦੀਆਂ ਕਾਰਨ ਕੋਵਿਡ-19 ਨਾਲ ਸੰਘਰਸ਼ ਕਰ ਰਹੇ ਫਰੰਟ ਲਾਈਨ ਵਰਕਰਜ਼ ਕੋਲ ਫੇਸ਼ੀਅਲ ਮਾਸਕਸ ਦੀ ਸਪਲਾਈ ਇੱਕ ਹਫਤੇ ਦੀ ਹੀ ਰਹਿ ਗਈ ਹੈ। ...ਬਾਕੀ ਪੰਨਾ 6 'ਤੇ

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance • Super Visa Insurance • Critical illness Ins • Mortgage Insurance • Travel & Visitor Ins • Disability Insurance • RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home • Auto • Business • Trucking • Life Insurance • Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਿਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

You can Place Your Business Here
(905)793-2202
To Reach Wider Audience

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
Tico # 50021780 905.796.0000
900 Raylawson Blvd. Unit # 6, Brampton

Mortgage! We Will Beat Any Rate !!!
Purchase || Refinance || Major Banks / Credit Unions || Private Lenders || Second Mortgages-Lowest 6.99%
The Mortgage Centre
AvonFinancial Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax: 905-216-0392

HELPING YOU PLAN TODAY...FOR TOMORROW
• Supervisa / Visitor Insurance
• Life / Mortgage/Funeral Insurance
• Disability Insurance
• Critical Illness Insurance
• RESP / RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

• Super Visa Insurance
• Visitor Visa Insurance
• Travel Insurance
• Student Insurance
• New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

HSBA Tax Services
20% Discount For Students, New Immigrants and Senior Citizens
Personal / Corporation Tax
Accounting / Bookkeeping
Business Registrations
HST/WSIB/Payroll
Financial Statements/Audits
Mortgages and Loans
647-720-5278
PRABHJOT KAUR (Sr. Accountant, M.B.A)
77-100 Maritime Ontario Blvd.,Brampton, ON L6S 0E7

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

A1 RENOVATIONS
Commercial & Residential Renovations
**Professional, Reliable & Experienced**
Services: • Painting • Drywalls • Plumbing • Electrical • Flooring
• Complete Basement Renovation • Kitchen & Washrooms • Concrete Services (Driveways & Sidewalks)
5-10% DISCOUNT
Note: Complete basement (passed by city) Certified GasTechnician
Call Bobby Mann today !! 647-407-9595
a1floor_2000@hotmail.com
*Some condition apply

DHINDSA LAW
Barrister, Solicitor & Notary Public
www.dhindsalaw.ca
- Criminal and Family Law
- Immigration
- Real Estate
- Wills, Affidavits & Notarizations
Special Discount For Student & Senior Citizens
NAVDEEP DHINDSA B-Tech/ LLB
LOCATIONS: 10790 Torbram Rd Unit-JJ, Brampton L6R 3N9 (Torbram & Sandalwood)
Cell: 437 998 1429
330 Highway 7 E, Suite 309, Richmond Hill- L4B 3P8

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885




# GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

| | |
|---|---|
| 40k | $10,000 Submitted with offer |
| Deposit | $10,000 Submitted 90 days after Offer Date |
| Structure | $20,000 Submitted 150 days after Offer Date |

**Jagdish Grewal**
*Sales Representative*



**Residential | Commercial | Investment**

**(416) 970-5005**

*Office: 905-488-2100 Ext. 348*

Century 21 President Realty Inc Brokerage* Independently Owned and Operated.

*www.vipcondonetwork.com*
27 Armthorpe Rd Brampton #3,
ON L6T 5M4 | Fax : 905-488-2101

AMAN TRAVEL
ਅਮਨ ਟਰੈਵਲ
Gaurav Gupta
905.796.3535
SPECIAL FARES TO DELHI & AMRITSAR | LAST MINUTE DEALS AVAILABLE
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

## ਅੱਜ ਨਾਮਾ

ਪੁੱਠੇ ਕੰਮਾਂ ਤੋਂ ਕਦੇ ਨਹੀਂ ਰਹਿਣ ਭੜੂਏ,
ਮਿਲਿਆ ਮੌਕਾ ਤਾਂ ਚਾੜ੍ਹਦੇ ਚੰਦ ਮਿੱਤਰ।
ਦੀਵੇ ਬਾਲਦੇ ਵਕਤ ਕਈ ਸ਼ੋਹਦਿਆਂ ਵੀ,
ਪਟਾਕੇ ਛੱਡ ਵਧਾਇਆ ਸੀ ਗੰਦ ਮਿੱਤਰ।
ਆਗੂ ਭਾਜਪਾ ਦੀ ਕਰਦੀ ਫਾਇਰ ਹੈਸੀ,
ਰੌਲਾ ਪਿਆ ਤਾਂ ਖੁੱਲ੍ਹਣ ਨਾ ਦੰਦ ਮਿੱਤਰ।
ਕਰਦਾ ਸੀ ਗਾ ਸਟੰਟ ਇੱਕ ਹੋਰ ਸ਼ੋਹਦਾ,
ਸੜਨੋਂ ਬਚੀ ਹੈ ਜੀਵਨ ਦੀ ਤੰਦ ਮਿੱਤਰ।
ਉਗਲੀ ਅੱਗ ਉਸ ਮੂੰਹ ਵਿੱਚ ਤੇਲ ਲੈ ਕੇ,
ਪੈ ਗਈ ਆਪਣੀ ਦਾੜ੍ਹੀ ਨੂੰ ਅੱਗ ਮਿੱਤਰ।
ਪਿੱਛੋਂ ਕਰਿਆ ਇਲਾਜ ਆ ਡਾਕਟਰਾਂ ਨੇ,
ਮੂੰਹੋਂ ਨਿਕਲਦੀ ਬਾਹਰ ਸੀ ਝੱਗ ਮਿੱਤਰ।

ਤੀਸ ਮਾਰ ਖਾਂ

# ਭਾਰਤ ਵਿੱਚ ਇੱਕੋ ਦਿਨ ਵਿੱਚ ਕੋਰੋਨਾ ਦੇ 704 ਕੇਸ ਵਧੇ

## * ਕੁੱਲ ਮੌਤਾਂ ਦੀ ਗਿਣਤੀ 111 ਨੂੰ ਪਹੁੰਚੀ * ਮਹਾਰਾਸ਼ਟਰ, ਤਾਮਿਲ ਨਾਡੂ ਤੇ ਦਿੱਲੀ ਦੀ ਸਥਿਤੀ ਚਿੰਤਾ ਵਾਲੀ



ਨਵੀਂ ਦਿੱਲੀ, 6 ਅਪਰੈਲ, (ਪੋਸਟ ਬਿਊਰੋ)- ਦੁਨੀਆ ਭਰ ਵਿੱਚ ਤਬਾਹੀ ਮਚਾਉਣ ਚਾਲੇ ਕੋਰੋਨਾ ਵਾਇਰਸ ਦਾ ਕਹਿਰ ਭਾਰਤ ਵਿੱਚ ਵੀ ਲਗਾਤਾਰ ਵਧ ਰਿਹਾ ਹੈ। ਦੇਸ਼ ਵਿੱਚ ਕੋਰੋਨਾ ਵਾਇਰਸ ਨਾਲ ਅੱਜ ਮੰਗਲਵਾਰ ਦੀ ਸਵੇਰ ਹੋਣ ਤਕ 111 ਲੋਕਾਂ ਦੀ ਮੌਤ ਹੋ ਚੁੱਕੀ ਹੈ ਤੇ ਪਾਜ਼ਿਟਿਵ ਲੋਕਾਂ ਦੀ ਗਿਣਤੀ 4281 ਤਕ ਚਲੀ ਗਈ ਹੈ। ਇਸ ਦੌਰਾਨ ਕੋਰੋਨਾ ਨਾਲ 318 ਲੋਕ ਠੀਕ ਵੀ ਹੋਏ ਹਨ। ਪਿਛਲੇ ਇੱਕੋ ਦਿਨ ਵਿੱਚ ਦੇਸ਼ ਵਿੱਚ 704 ਨਵੇਂ ਕੇਸ ਪਤਾ ਲੱਗੇ ਅਤੇ 28 ਲੋਕਾਂ ਦੀ ਮੌਤ ਹੋਈ ਹੈ। ਭਾਰਤ ਵਿੱਚ ਇਕੋ ਦਿਨ ਵਿੱਚ ਕੋਰੋਨਾ ਨਾਲ ਮੌਤਾਂ ਦਾ ਇਹ ਸਭ ਤੋਂ ਵੱਡਾ ਅੰਕੜਾ ਹੈ।

ਭਾਰਤ ਵਿੱਚ ਕੋਰੋਨਾ ਵਾਇਰਸ ਨਾਲ ਵਧਦੇ ਕੇਸਾਂ ਨੂੰ ਦੇਖ ਕੇ ਦੇਸ਼ ਵਿੱਚ 21 ਦਿਨਾਂ ਦਾ ਲਾਕਡਾਊਨ ਜਾਰੀ ਹੈ, ਜੋ 14 ਅਪ੍ਰੈਲ ਤਕ ਚੱਲੇਗਾ। ਸਾਰੇ ਰਾਜਾਂ ਦੀਆਂ ਸਰਕਾਰਾਂ ਲਾਕਡਾਊਨ ਦਾ ਸਖਤੀ ਨਾਲ ਪਾਲਣਾ ਕਰਵਾ ਰਹੀਆਂ ਹਨ। ਇਸ ਦੇ ਬਾਵਜੂਦ ਬਿਮਾਰੀ ਕਾਬੂ ਵਿੱਚ ਨਹੀਂ ਆ ਰਹੀ। ਪਿਛਲੇ ਦੋ ਦਿਨਾਂ ਵਿੱਚ ਦਿੱਲੀ ਵਿੱਚ ਵੱਡਾ ਵਾਧਾ ਦੇਖਿਆ ਗਿਆ ਅਤੇ ਤਾਮਿਲ ਨਾਡੂ ਵਿੱਚ ਵੀ ਬਹੁਤ ਵੱਡੀ ਗਿਣਤੀ ਵਧੀ ਹੈ।

ਮੰਗਲਵਾਰ ਦੀ ਸਵੇਰ ਹੋਣ ਤੱਕ ਕੇਸਾਂ ਦੀ ਗਿਣਤੀ ਸਭ ਤੋਂ ਵੱਧ ਮਹਾਰਾਸ਼ਟਰ ਵਿੱਚ 784, ਤਾਮਿਲ ਨਾਡੂ 571, ਦਿੱਲੀ 523, ਤੇਲੰਗਾਨਾ 321, ਕੇਰਲਾ 314, ਉੱਤਰ ਪ੍ਰਦੇਸ਼ 305, ਰਾਜਸਥਾਨ 274, ਆਂਧਰਾ ਪ੍ਰਦੇਸ਼ 226, ਮੱਧ ਪ੍ਰਦੇਸ਼ 165, ਕਰਨਾਟਕ 151, ਗੁਜਰਾਤ 144, ਜੰਮੂ-ਕਸ਼ਮੀਰ 109, ਹਰਿਆਣਾ 84, ਪੱਛਮੀ ਬੰਗਾਲ 80, ਪੰਜਾਬ 79, ਉੱਤਰਾ ਖੰਡ 26, ਓਡੀਸ਼ਾ 21, ਲੱਦਾਖ 14, ਹਿਮਾਚਲ ਪ੍ਰਦੇਸ਼ 13, ਅੰਡੇਮਾਨ ਨਿਕੋਬਾਰ 10, ਗੋਆ 7, ਪੁੱਡੂਚੇਰੀ 5, ਝਾਰਖੰਡ 4, ਮਨੀਪੁਰ 2 ਵਿੱਚ ਰਹੀ ਅਤੇ ਮਿਜ਼ੋਰਮ ਵਿੱਚ 1 ਕੇਸ ਮਿਲਿਆ ਹੈ।

# ਬ੍ਰਿਟਿਸ਼ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਦੀ ਤਬੀਅਤ ਵਿਗੜੀ

## ਇੰਟੈਸਿਵ ਕੇਅਰ ਯੂਨਿਟ ਵਿੱਚ ਕੀਤਾ ਗਿਆ ਸ਼ਿਫਟ



ਲੰਡਨ, 6 ਅਪਰੈਲ (ਪੋਸਟ ਬਿਊਰੋ) : ਬ੍ਰਿਟਿਸ਼ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਦੇ ਕਰੋਨਾਵਾਇਰਸ ਸਬੰਧੀ ਲੱਛਣਾਂ ਦੇ ਵਿਗੜ ਜਾਣ ਕਾਰਨ ਉਨ੍ਹਾਂ ਨੂੰ ਸੋਮਵਾਰ ਨੂੰ ਲੰਡਨ ਹਸਪਤਾਲ ਦੀ ਇੰਟੈਸਿਵ ਕੇਅਰ ਯੂਨਿਟ ਵਿੱਚ ਸ਼ਿਫਟ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਰੂਟੀਨ ਟੈਸਟ ਦੇ ਨਾਂ ਉਤੇ ਹਸਪਤਾਲ ਭਰਤੀ ਕਰਵਾਇਆ ਦੱਸਿਆ ਜਾ ਰਿਹਾ ਸੀ।

ਜੌਹਨਸਨ ਨੂੰ ਐਤਵਾਰ ਸ਼ਾਮ ਨੂੰ ਸੇਂਟ ਥਾਮਸ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਦਸ ਦਿਨ ਪਹਿਲਾਂ ਜੌਹਨਸਨ ਨੂੰ ਕੋਵਿਡ-19 ਹੋਣ ਦੀ ਪੁਸ਼ਟੀ ਹੋਈ ਸੀ। ਉਨ੍ਹਾਂ ਦੇ ਆਫਿਸ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਅੱਜ ਦੁਪਹਿਰ ਪ੍ਰਧਾਨ ਮੰਤਰੀ ਦੀ ਤਬੀਅਤ ਜ਼ਿਆਦਾ ਖਰਾਬ ਹੋਣ ਕਾਰਨ ਮੈਡੀਕਲ ਟੀਮ ਦੀ ਸਲਾਹ ਉੱਤੇ ਉਨ੍ਹਾਂ ਨੂੰ ਹਸਪਤਾਲ ਦੀ ਇੰਟੈਂਸਿਵ ਕੇਅਰ ਯੂਨਿਟ ਵਿੱਚ ਭੇਜਿਆ ਗਿਆ ਹੈ।

ਡਾਊਨਿੰਗ ਸਟਰੀਟ ਵੱਲੋਂ ਜਾਰੀ ਬਿਆਨ ਵਿੱਚ ਆਖਿਆ ਗਿਆ ਕਿ ਜੌਹਨਸਨ ਹੋਸ਼ ਵਿੱਚ ਹਨ ਤੇ ਉਨ੍ਹਾਂ ਨੂੰ ਹਾਲ ਦੀ ਘੜੀ ਵੈਂਟੀਲੇਸ਼ਨ ਦੀ ਕੋਈ ਲੋੜ ਨਹੀਂ ਹੈ ਪਰ ਲੋੜ ਪੈਣ ਉੱਤੇ ਉਨ੍ਹਾਂ ਨੂੰ ਵੈਂਟੀਲੇਟਰ ਉੱਤੇ ਵੀ ਰੱਖਿਆ ਜਾ ਸਕਦਾ ਹੈ। ਜੌਹਨਸਨ ਵੱਲੋਂ ਵਿਦੇਸ਼ ਮੰਤਰੀ ਡੌਮੀਨਿਕ ਰਾਬ ਨੂੰ ਉਨ੍ਹਾਂ ਦਾ ਕੰਮਕਾਜ ਸਾਂਭਣ ਲਈ ਆਖਿਆ ਗਿਆ ਹੈ। ਇਸ ਤੋਂ ਕਈ ਘੰਟੇ ਪਹਿਲਾਂ ਜੌਹਨਸਨ ਨੇ ਟਵੀਟ ਕਰਕੇ ਆਖਿਆ ਸੀ ਕਿ ਹਸਪਤਾਲ ਵਿੱਚ ਰਾਤ ਗੁਜ਼ਾਰਨ ਤੋਂ ਬਾਅਦ ਉਹ ਚੰਗਾ ਮਹਿਸੂਸ ਕਰ ਰਹੇ ਹਨ।

# ਮਹਿੰਗੇ ਮੁੱਲ ਮਿਲ ਰਹੇ ਹਨ ਲਾਂਗ ਟਰਮ ਕੇਅਰ ਹੋਮਜ਼ ਨੂੰ ਮਾਸਕਸ ਤੇ ਗਲਵਜ਼

ਟੋਰਾਂਟੋ, 6 ਅਪਰੈਲ (ਪੋਸਟ ਬਿਊਰੋ) : ਕੈਨੇਡਾ ਭਰ ਦੇ ਲਾਂਗ ਟਰਮ ਕੇਅਰ ਹੋਮਜ਼ ਵਿੱਚ ਪਰਸਨਲ ਪ੍ਰੋਟੈਕਟਿਵ ਇਕਿਊਪਮੈਂਟ (ਪੀਪੀਈ) ਦੀ ਸਪਲਾਈ ਕਾਫੀ ਘੱਟ ਹੈ।

ਵੈਸਟਰਨ ਕੈਨੇਡਾ ਦੇ ਇੱਕ ਹੋਮ ਵੱਲੋਂ ਮੁਹੱਈਆ ਕਰਵਾਈ ਗਈ ਵੀਡੀਓ ਵਿੱਚ ਜਿਨ੍ਹਾਂ ਸੈਲਫਾਂ ਉੱਤੇ ਹੋਮ ਦੇ ਸਟਾਫ ਤੇ ਰੈਜ਼ੀਡੈਂਟਸ ਲਈ ਗਲਵਜ਼ ਤੇ ਮਾਸਕਸ ਵਰਗੀਆਂ ਲੋੜੀਂਦੀਆਂ ਵਸਤਾਂ ਹੋਣੀਆਂ ਚਾਹੀਦੀਆਂ ਸਨ ਉਹ ਖਾਲੀ ਪਈਆਂ ਸਨ। ਫਿਰ ਵੀ ਇਨ੍ਹਾਂ ਜ਼ਰੂਰਤਮੰਦ ਲਾਂਗ ਟਰਮ ਕੇਅਰ ਹੋਮਜ਼ ਨੂੰ ਅਜਿਹੀਆਂ ਸਪਲਾਈਜ਼ ਦੀ ਪੇਸ਼ਕਸ਼ ਵਾਲੀਆਂ ਈਮੇਲਜ਼ ਹਾਸਲ ਹੋ ਰਹੀਆਂ ਹਨ।

ਇਸ ਤਰ੍ਹਾਂ ਦੀਆਂ ਈਮੇਲਜ਼ ਵਿੱਚ ਇਨ੍ਹਾਂ ਹੋਮ ਕੇਅਰਜ਼ ਲਈ ਹਾਈ ਗ੍ਰੇਡ ਮਾਸਕਸ ਆਦਿ ਮੁਹੱਈਆ ਕਰਵਾਉਣ ਦੀ ਗੱਲ ਆਖੀ ਜਾ ਰਹੀ ਹੈ ਤੇ ਜਿਹੜੇ ਹਾਈ ਗ੍ਰੇਡ ਮਾਸਕਸ ਕਦੇ ਮਾਮੂਲੀ ਕੀਮਤ ਉੱਤੇ ਮਿਲ ਜਾਇਆ ਕਰਦੇ ਸਨ ਅੱਜ ਉਹ 8 ਡਾਲਰ ਪ੍ਰਤੀ ਮਾਸਕਸ ਦੇ ਦੱਸੇ ਜਾ ਰਹੇ ਹਨ। ਇਸ ਤੋਂ ਸਿੱਧਾ ਭਾਵ 700 ਫੀ ਸਦੀ ਦਾ ਵਾਧਾ ਹੈ। ਸਰਜੀਕਲ ਮਾਸਕਸ ਜਿਹੜੇ ਦਸੰਬਰ ਵਿੱਚ 12 ਸੈਂਟ ਦੇ ਸਨ ਉਹ ਹੁਣ ਪ੍ਰਤੀ ਮਾਸਕ 6 ਡਾਲਰ ਹਨ। ਇਹ ਲੱਗਭਗ 5000 ਡਾਲਰ ਵੱਧ ਕੀਮਤ ਹੈ।

ਇਨ੍ਹਾਂ ਹਾਲਾਤ ਕਾਰਨ ਕਈਆਂ ਨੂੰ ਇਹ ਡਰ ਲੱਗ ਰਿਹਾ ਹੈ ਕਿ ਉਨ੍ਹਾਂ ਨੂੰ ਉਹ ਹਿਫਾਜ਼ਤ ਨਹੀਂ ਮਿਲ ਸਕੇਗੀ ਜਿਸ ਦੀ ਉਨ੍ਹਾਂ ਨੂੰ ਫੌਰੀ ਲੋੜ ਹੈ। ਇਨ੍ਹਾਂ ਹਾਲਾਤ ਤੋਂ ਕਈ ਕੇਅਰ ਹੋਮਜ਼ ਦਾ ਕਹਿਣਾ ਹੈ ਕਿ ਐਨੇ ਮਹਿੰਗੇ ਮਾਸਕ ਤੇ ਹੋਰ ਜ਼ਰੂਰੀ ਸਾਜ਼ੋ ਸਮਾਨ ਖਰੀਦਣਾ ਉਨ੍ਹਾਂ ਦੇ ਵਿੱਤ ਤੋਂ ਬਾਹਰੀ ਗੱਲ ਹੈ। ਕੈਨੇਡੀਅਨ ਐਸੋਸਿਏਸ਼ਨ ਫੌਰ ਲਾਂਗ ਟਰਮ ਕੇਅਰ ਦੀ ਚੇਅਰ ਜੋਡੀ ਹਾਲ ਨੇ ਆਖਿਆ ਕਿ ਉਸ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਜੇ ਅਸੀਂ ਐਨੇ ਮਹਿੰਗੇ ਜ਼ਰੂਰੀ ਸਾਜ਼ੋ ਸਮਾਨ ਨੂੰ ਖਰੀਦਣ ਵਿੱਚ ਅਸਮਰੱਥ ਰਹਿੰਦੇ ਹਾਂ ਤਾਂ ਇਸ ਨਾਲ ਸਾਡੇ ਰੈਜ਼ੀਡੈਂਟਸ ਦੀ ਜ਼ਿੰਦਗੀ ਖਤਰੇ ਵਿੱਚ ਹੈ। ਉਨ੍ਹਾਂ ਅੱਗੇ ਆਖਿਆ ਕਿ ਇਸ ਤਰ੍ਹਾਂ ਕੀਮਤਾਂ ਵਿੱਚ ਵਾਧਾ ਕੀਤਾ ਜਾਣਾ ਕਿਸੇ ਵੀ ਹਾਲ ਸਵੀਕਾਰਯੋਗ ਨਹੀਂ ਹੈ।

# ਲਾਲ ਅੱਖਾਂ ਜਾਂ ਅੱਖਾਂ ਆਉਣੀਆਂ ਵੀ ਹੋ ਸਕਦਾ ਹੈ ਕੋਵਿਡ-19 ਦਾ ਇੱਕ ਲੱਛਣ



ਟੋਰਾਂਟੋ, 6 ਅਪਰੈਲ (ਪੋਸਟ ਬਿਊਰੋ) : ਲਾਲ ਅੱਖਾਂ ਜਾਂ ਅੱਖਾਂ ਆਉਣਾ ਵੀ ਕੋਵਿਡ-19 ਦਾ ਇੱਕ ਹੋਰ ਗੈਰ ਸਾਧਾਰਨ ਲੱਛਣ ਹੋ ਸਕਦਾ ਹੈ। ਇਹ ਕੋਵਿਡ-19 ਫੈਲਣ ਦਾ ਇੱਕ ਕਾਰਨ ਵੀ ਹੋ ਸਕਦਾ ਹੈ। ਇਹ ਖੁਲਾਸਾ ਪਿੱਛੇ ਜਿਹੇ ਕੀਤੇ ਗਏ ਕਈ ਅਧਿਐਨਾਂ ਤੋਂ ਹੋਇਆ ਹੈ।

ਮੁੱਢਲੀਆਂ ਲੱਭਤਾਂ ਤੋਂ ਬਾਅਦ ਅਮੈਰੀਕਨ ਅਕੈਡਮੀ ਆਫ ਆਪਥੈਮੌਲੋਜੀ ਵੱਲੋਂ ਹੈਲਥ ਕੇਅਰ ਵਰਕਰਜ਼ ਨੂੰ ਇਹ ਸਲਾਹ ਦਿੱਤੀ ਗਈ ਕਿ ਕੋਵਿਡ-19 ਮਰੀਜ਼ ਦੀ ਸਾਂਭ ਸੰਭਾਲ ਕਰਦੇ ਸਮੇਂ ਉਹ ਨਾ ਸਿਰਫ ਆਪਣੇ ਮੂੰਹ ਤੇ ਨੱਕ ਨੂੰ ਹੀ ਮਾਸਕ ਨਾਲ ਢੱਕਣ ਸਗੋਂ ਗੌਗਲਜ਼ ਜਾਂ ਸ਼ੀਲਡ ਲਾ ਕੇ ਆਪਣੀਆਂ ਅੱਖਾਂ ਦਾ ਵੀ ਬਚਾਅ ਕਰਨ। ਅਕੈਡਮੀ ਨੇ ਆਖਿਆ ਕਿ ਮੌਜੂਦਾ ਡਾਟਾ ਤੋਂ ਇਹ ਸਾਫ ਪਤਾ ਲੱਗਦਾ ਹੈ ਕਿ ਅੱਖਾਂ ਆਉਣੀਆਂ ਵੀ ਕੋਵਿਡ-19 ਨਾਲ ਸਬੰਧਤ ਅਸਾਧਾਰਨ ਲੱਛਣ ਹੈ।

ਹੈਲਥ ਕੈਨੇਡਾ, ਯੂਐਸ ਸੈਂਟਰਜ਼ ਫੌਰ ਡਜ਼ੀਜ਼ ਕੰਟਰੋਲ ਤੇ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਵੱਲੋਂ ਕੋਵਿਡ-19 ਦੇ ਆਮ ਲੱਛਣਾਂ ਵਿੱਚ ਬੁਖਾਰ, ਸਾਹ ਲੈਣ ਵਿੱਚ ਔਖ, ਸੁੱਕੀ ਖੰਘ ਤੇ ਥਕਾਵਟ ਨੂੰ ਸ਼ਾਮਲ ਕੀਤਾ ਗਿਆ ਹੈ। ਹੋਰਨਾਂ ਲੱਛਣਾਂ ਵਿੱਚ ਸ਼ਰੀਰ ਟੁੱਟਣਾ, ਸ਼ਰੀਰ ਵਿੱਚ ਦਰਦ, ਗਲਾ ਪੱਕਣਾਂ ਤੇ ਜੀ ਕੱਚਾ ਹੋਣਾ, ਦਸਤ ਲੱਗਣਾ ਤੇ ਨੱਕ ਵਗਣਾ ਆਦਿ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਸ ਗੱਲ ਦੇ ਵੀ ਸਬੂਤ ਮਿਲੇ ਹਨ ਕਿ ਕੋਵਿਡ-19 ਦੇ ਸ਼ੁਰੂਆਤੀ ਲੱਛਣਾਂ ਵਿੱਚ ਸੁੰਘਣ ਸ਼ਕਤੀ ਜਾਂ ਸਵਾਦ ਮਹਿਸੂਸ ਕਰਨ ਦੀ ਸਮਰੱਥਾ ਵੀ ਘੱਟ ਜਾਂਦੀ ਹੈ, ਇਹ ਲੱਛਣ ਉਨ੍ਹਾਂ ਵਿਅਕਤੀਆਂ ਵਿੱਚ ਵੀ ਨਜ਼ਰ ਆ ਸਕਦੇ ਹਨ ਜਿਨ੍ਹਾਂ ਵਿੱਚ ਬਾਕੀ ਲੱਛਣ ਨਹੀਂ ਹੁੰਦੇ।

ਨਿਊ ਇੰਗਲੈਂਡ ਜਰਨਲ ਆਫ ਮੈਡੀਸਿਨ ਵਿੱਚ ਪ੍ਰਕਾਸ਼ਿਤ ਨਵੇਂ ਅਧਿਐਨ ਅਨੁਸਾਰ ਚੀਨ ਦੇ ਹਸਪਤਾਲਾਂ ਵਿੱਚ ਦਾਖਲ 1099 ਮਰੀਜ਼ਾਂ ਦੇ ਅੰਕੜਿਆਂ ਤੋਂ ਇਹ ਸਾਹਮਣੇ ਆਇਆ ਕਿ 0.8 ਫੀ ਸਦੀ ਨੂੰ ਅੱਖਾਂ ਵਿੱਚ ਰੜਕ, ਦਰਦ ਆਦਿ ਮਹਿਸੂਸ ਹੋਇਆ। ਇੱਕ ਹੋਰ ਅਧਿਐਨ ਵਿੱਚ ਪਾਇਆ ਗਿਆ ਕਿ ਹੁਬੇਈ ਪ੍ਰੋਵਿੰਸ ਤੋਂ ਹਸਪਤਾਲ ਵਿੱਚ ਦਾਖਲ ਕੀਤੇ ਗਏ 38 ਮਰੀਜ਼ਾਂ ਵਿੱਚੋਂ ਦਰਜਨਾਂ ਨੂੰ ਅੱਖਾਂ ਨਾਲ ਸਬੰਧਤ ਇਰੀਟੇਸ਼ਨ ਵਰਗੇ ਲੱਛਣ ਵੀ ਸਨ। ਇਹ ਵੀ ਪਾਇਆ ਗਿਆ ਕਿ ਜਿਨ੍ਹਾਂ ਮਰੀਜ਼ਾਂ ਦੀ ਤਬੀਅਤ ਨਾਜ਼ੁਕ ਸੀ ਤੇ ਜਿਨ੍ਹਾਂ ਨੂੰ ਗੰਭੀਰ ਨਿਮੋਨੀਆ ਹੋ ਗਿਆ ਸੀ, ਉਨ੍ਹਾਂ 12 ਵਿੱਚੋਂ 8 ਮਰੀਜ਼ਾਂ ਵਿੱਚ ਵੀ ਅੱਖਾਂ ਨਾਲ ਜੁੜੇ ਇਹ ਲੱਛਣ ਜ਼ਿਆਦਾ ਉੱਭਰ ਕੇ ਸਾਹਮਣੇ ਆਏ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
DEBT CONSOLIDATION •HOME EQUITY LOANS •HOME RENOVATION
WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਭਾਰਤ ਦਾ ਫੈਸਲਾ: ਕੋਰੋਨਾ ਦੇ ਟਾਕਰੇ ਲਈ ਐੱਮ ਪੀਜ਼ ਦੀ ਤਨਖਾਹ ਵਿੱਚ ਇੱਕ ਸਾਲ 30 ਫੀਸਦੀ ਕੱਟ ਲੱਗਾ

ਨਵੀਂ ਦਿੱਲੀ, 6 ਅਪਰੈਲ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਨੇ ਪਾਰਲੀਮੈਂਟ ਐਕਟ 1954 ਅਧੀਨ ਪਾਰਲੀਮੈਂਟ ਮੈਬਰਾਂ ਦੀ ਤਨਖਾਹ, ਭੱਤੇ ਤੇ ਪੈਨਸ਼ਨ ਵਿੱਚ ਸੋਧ ਦਾ ਆਰਡੀਨੈਂਸ ਮਨਜ਼ੂਰ ਕਰ ਲਿਆ ਹੈ। ਇਸ ਐਕਟ ਦੀ ਸੋਧ ਕਰ ਕੇ ਸਰਕਾਰ ਪਾਰਲੀਮੈਂਟ ਮੈਂਬਰਾਂ ਦੇ ਭੱਤੇ ਅਤੇ ਪੈਨਸ਼ਨ ਵਿੱਚ 30 ਫੀਸਦੀ ਕਟੌਤੀ ਕਰੇਗੀ।



ਵਰਨਣ ਯੋਗ ਹੈ ਕਿ ਸਰਕਾਰ ਦੇ ਤਾਜ਼ਾ ਫੈਸਲੇ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਉਨ੍ਹਾਂ ਦੇ ਮੰਤਰੀ ਸਾਥੀ ਅਤੇ ਸਾਰੇ ਪਾਰਲੀਮੈਂਟ ਮੈਂਬਰ ਦੇਸ਼ ਵਿੱਚ ਕੋਰੋਨਾ ਵਾਇਰਸ ਦੀ ਮਹਾਮਾਰੀ ਰੋਕਣ ਲਈ ਆਪਣਾ ਯੋਗਦਾਨ ਦਿੰਦੇ ਹੋਏ ਅਗਲੇ ਸਾਲ ਤਕ 30 ਫੀਸਦੀ ਘੱਟ ਤਨਖਾਹ ਲੈਣਗੇ। ਸੂਚਨਾ ਅਤੇ ਪ੍ਰਸਾਰਨ ਮੰਤਰੀ ਪ੍ਰਕਾਸ਼ ਜਾਵਡੇਕਰ ਨੇ ਅੱਜ ਸੋਮਵਾਰ ਇਸ ਫੈਸਲੇ ਬਾਰੇ ਦੱਸਦੇ ਹੋਏ ਕਿਹਾ ਕਿ ਰਾਸ਼ਟਰਪਤੀ, ਉਪ ਰਾਸ਼ਟਰਪਤੀ ਤੇ ਕਈ ਰਾਜਾਂ ਦੇ ਗਵਰਨਰਾਂ ਨੇ ਵੀ ਆਪੋ ਆਪਣੀ ਤਨਖਾਹ ਵਿੱਚ ਕਟੌਤੀ ਦਾ ਫੈਸਲਾ ਲਿਆ ਹੈ। ਇਸ ਦੇ ਨਾਲ ਕੈਬਨਿਟ ਨੇ ਇਹ ਫੈਸਲਾ ਵੀ ਕੀਤਾ ਕਿ ਪਾਰਲੀਮੈਂਟ ਮੈਂਬਰ ਹਲਕਾ ਵਿਕਾਸ ਫੰਡ ਵੀ ਦੋ ਸਾਲ ਲਈ ਸਸਪੈਂਡ ਕੀਤਾ ਜਾਵੇਗਾ।

ਸੂਚਨਾ ਪ੍ਰਸਾਰਨ ਮੰਤਰੀ ਪ੍ਰਕਾਸ਼ ਜਾਵਡੇਕਰ ਦੇ ਦੱਸਣ ਮੁਤਾਬਕ ਇਸ ਦੀ ਪੇਸ਼ਕਸ਼ ਪ੍ਰਧਾਨ ਮੰਤਰੀ, ਮੰਤਰੀਆਂ ਤੇ ਪਾਰਲੀਮੈਂਟ ਮੈਂਬਰਾਂ ਨੇ ਕੋਰੋਨਾ ਸੰਕਟ ਦੇ ਕਾਰਨ ਖੁਦ ਕੀਤੀ ਸੀ, ਜਿਸ ਪਿੱਛੋਂ ਕੈਬਨਿਟ ਨੇ ਇਸ ਉੱਤੇ ਮੋਹਰ ਲਾਈ ਹੈ।

ਪ੍ਰਧਾਨ ਮੰਤਰੀ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਬੈਠਕ ਪਿੱਛੋਂ ਜਾਵਡੇਕਰ ਨੇ ਦੱਸਿਆ ਕਿ ਪਾਰਲੀਮੈਂਟ ਮੈਬਰਾਂ ਦੀ ਤਨਖਾਹ ਵਿੱਚ 30 ਫੀਸਦੀ ਕਟੌਤੀ ਦੇ ਆਰਡੀਨੈਂਸ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਉਨ੍ਹਾ ਦੱਸਿਆ ਕਿ ਇਹ ਕਟੌਤੀ 1 ਅਪ੍ਰੈਲ 2020 ਤੋਂ ਲਾਗੂ ਮੰਨੀ ਜਾਵੇਗੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ, ਮੰਤਰੀਆਂ ਅਤੇ ਪਾਰਲੀਮੈਂਟ ਮੈਂਬਰਾਂ ਨੇ ਖੁਦ ਆਪਣੀ ਸਾਮਾਜਿਕ ਜ਼ਿੰਮੇਵਾਰੀ ਸਮਝਦੇ ਹੋਏ ਇਸ ਕਟੌਤੀ ਦੀ ਪੇਸ਼ਕਸ਼ ਕੀਤੀ ਸੀ। ਇਸ ਕਾਰਨ ਪਾਰਲੀਮੈਂਟ ਦੇ ਮੈਂਬਰਾਂ ਦੀ ਤਨਖਾਹ ਵਿੱਚ ਸਿਰਫ ਇਕ ਸਾਲ ਲਈ 30 ਫੀਸਦੀ ਕਟੌਤੀ ਦਾ ਫੈਸਲਾ ਹੋਇਆ ਹੈ।

# ਪੰਜਾਬ ਵਿੱਚ ਕੋਰੋਨਾ ਦੇ ਪਾਜ਼ਿਟਿਵ ਕੇਸਾਂ ਦੀ ਗਿਣਤੀ 79 ਤੇ ਮੌਤਾਂ ਦੀ ਗਿਣਤੀ 8 ਹੋਈ

ਜਲੰਧਰ, 6 ਅਪਰੈਲ, (ਪੋਸਟ ਬਿਊਰੋ)- ਪੰਜਾਬ ਵਿਚ ਕੋਰੋਨਾ ਵਾਇਰਸ ਦੀ ਮਾਰ ਹੇਠ ਸੋਮਵਾਰ ਅੱਠਵੀਂ ਮੌਤ ਹੋ ਗਈ ਹੈ। ਇਹ ਪੰਜਾਬ ਵਿਚ ਬੀਤੇ ਦੋ ਦਿਨਾਂ ਵਿਚ ਤੀਜੀ ਮੌਤ ਹੈ। ਬੀਤੇ ਐਤਵਾਰ ਪਠਾਨਕੋਟ ਤੇ ਲੁਧਿਆਣਾ ਵਿਚ ਦੋ ਔਰਤਾਂ ਦੀ ਮੌਤ ਹੋਈ ਸੀ। ਸੋਮਵਾਰ ਅੰਮ੍ਰਿਤਸਰ ਨਗਰ ਨਿਗਮ ਦੇ ਸਾਬਕਾ ਐਡੀਸ਼ਨਲ ਕਮਿਸ਼ਨਰ ਨੇ ਫੋਰਟਿਸ ਹਸਪਤਾਲ ਵਿਚ ਪ੍ਰਾਣ ਤਿਆਗ ਦਿੱਤੇ। ਉਂਜ ਇਸ ਮੌਤ ਤੋਂ ਬਾਅਦ ਉਨ੍ਹਾਂ ਦੇ ਸੈਂਪਲ ਦੋਬਾਰਾ ਲਏ ਗਏ ਹਨ, ਜਿਸ ਦੀ ਰਿਪੋਰਟ ਆਉਣੀ ਅਜੇ ਬਾਕੀ ਹੈ। ਐਤਵਾਰ ਸ਼ਾਮ ਨੂੰ ਉਨ੍ਹਾਂ ਦੀ ਮੁੱਢਲੀ ਰਿਪੋਰਟ ਪਾਜ਼ਿਟਿਵ ਹੀ ਆਈ ਸੀ।



ਇਸ ਦੌਰਾਨ ਪੰਜਾਬ ਵਿਚ ਅੱਜ ਸੋਮਵਾਰ ਨੂੰ ਅੱਠ ਨਵੇਂ ਪਾਜ਼ਿਟਿਵ ਕੇਸ ਆਉਣ ਨਾਲ ਕੁੱਲ ਗਿਣਤੀ 79 ਹੋ ਗਈ ਹੈ। ਤਬਲੀਗੀ ਜਮਾਤ ਦੀਆਂ ਦੋ ਔਰਤਾਂ ਦੇ ਕੋਰੋਨਾ ਪਾਜ਼ਿਟਿਵ ਸਾਬਤ ਹੋਣ ਪਿੱਛੋਂ ਇਸ ਦੀ ਮਾਰ ਫ਼ਤਹਿਗੜ੍ਹ ਸਾਹਿਬ ਵੀ ਪੁੱਜ ਗਈ ਹੈ। ਇਹ ਦੋਵੇਂ ਔਰਤਾਂ ਮਹਾਰਾਸ਼ਟਰ ਦੇ ਔਰੰਗਾਬਾਦ ਦੀਆਂ ਵਸਨੀਕ ਹਨ ਤੇ ਕਈ ਲੋਕਾਂ ਨਾਲ ਸੰਪਰਕ ਵਿਚ ਆ ਚੁੱਕੀਆਂ ਹਨ। ਸਿਹਤ ਵਿਭਾਗ ਨੇ ਇਸ ਦੇ ਬਾਅਦ 17 ਨਮੂਨੇ ਲਏ ਤੇ ਖਮਾਣੋਂ ਨੇੜੇ ਪਿੰਡ ਮਨੈਲੀ ਵਿਚ 46 ਲੋਕਾਂ ਨੂੰ ਕੁਆਰੰਟਾਈਨ ਕੀਤਾ ਹੈ। ਜ਼ਿਲਾ ਮੋਹਾਲੀ ਵਿਚ ਚਾਰ ਪਾਜ਼ਿਟਿਵ ਕੇਸ ਹੋਰ ਪਤਾ ਲੱਗੇ ਹਨ, ਜਿਨ੍ਹਾਂ ਵਿਚੋਂ ਤਿੰਨ ਡੇਰਾ ਬੱਸੀ ਤੇ ਇਕ ਮੋਹਾਲੀ ਵਿੱਚ ਪਤਾ ਲੱਗਾ ਹੈ। ਲੁਧਿਆਣਾ ਤੇ ਅੰਮ੍ਰਿਤਸਰ ਵਿਚ ਇਕ-ਇਕ ਕੇਸ ਹੋਰ ਪਤਾ ਲੱਗਾ ਹੈ। ਲੁਧਿਆਣੇ ਦਾ ਪਾਜ਼ਿਟਿਵ ਨਿਕਲਿਆ ਵਿਅਕਤੀ ਤਬਲੀਗੀ ਜਮਾਤ ਵਿੱਚੋਂ ਹੈ। ਸਾਰੇ ਪੰਜਾਬ ਵਿੱਚ ਕੁੱਲ ਮੌਤਾਂ 8 ਅਤੇ ਕੇਸਾਂ ਦੀ ਗਿਣਤੀ 79 ਹੋ ਗਈ ਹੈ, ਜਿਸ ਵਿੱਚ ਨਵਾਂਸ਼ਹਿਰ 19, ਮੋਹਾਲੀ 19, ਹੁਸ਼ਿਆਰਪੁਰ 7, ਅੰਮ੍ਰਿਤਸਰ 9, ਜਲੰਧਰ 6, ਲੁਧਿਆਣਾ 6, ਮਾਨਸਾ 3, ਰੂਪਨਗਰ 3, ਪਟਿਆਲਾ 1, ਫ਼ਰੀਦਕੋਟ 1, ਪਠਾਨਕੋਟ 1, ਬਰਨਾਲਾ 1 ਅਤੇ ਕਪੂਰਥਲਾ ਦਾ ਇੱਕ ਕੇਸ ਸ਼ਾਮਲ ਹਨ।

# ਕੋਰੋਨਾ ’ਤੇ ਜਿਤ ਲਈ ਪੰਜਾਬ ’ਚ ਵੀ ਲਾਗੂ ਹੋਵੇ ਦਿੱਲੀ ਮਾਡਲ: ਆਪ

ਚੰਡੀਗੜ੍ਹ, 6 ਮਾਰਚ (ਪੋਸਟ ਬਿਊਰੋ)- ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸਾਂਸਦ ਭਗਵੰਤ ਮਾਨ ਨੇ ਸੂਬੇ ਦੇ ਮੁੱਖ ਮੰਤਰੀ ਕੈ. ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਹੈ ਕਿ ਕੋਰੋਨਾਵ-ਾਇਰਸ ਮਹਾਂਮਾਰੀ ’ਤੇ ਪ੍ਰਭਾਵਸ਼ਾਲੀ ਢੰਗ ਨਾਲ ਛੇਤੀ ਜਿੱਤ ਹਾਸਲ ਕਰਨ ਲਈ ਦਿੱਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਦੀ ਤਰਜ਼ ’ਤੇ ਅਜਿਹੇ ਲੋਕ ਹਿਤੈਸ਼ੀ ਫ਼ੈਸਲੇ ਲੈਣੇ ਚਾਹੀਦੇ ਹਨ, ਜਿੰਨਾ ਨਾਲ ਘਰਾਂ ’ਚ ਬੈਠੇ ਲੋਕਾਂ ਨੂੰ ਵੀ ਕੋਈ ਦਿੱਕਤ ਨਾ ਆਵੇ ਅਤੇ ਕਰਫ਼ਿਊ ਦਾ ਮੰਤਵ ਵੀ ਸਫਲਤਾਪੂਰਵਕ ਪੂਰਾ ਹੋ ਸਕੇ। ਮਾਨ ਨੇ ਕਿਹਾ ਕਿ ਕਰਫ਼ਿਊ ਦੌਰਾਨ ਲੋੜਵੰਦ ਅਤੇ ਦਿਹਾੜੀਦਾਰ ਗ਼ਰੀਬ ਵਰਗ ਨੂੰ ਦੋ ਵਕਤ ਪੇਟ ਭਰਨ ਲਈ ਲੋੜੀਂਦੇ ਰਾਸ਼ਨ-ਪਾਣੀ ਦੀ ਕਮੀ ਨੇ ਸਤਾਉਣਾ ਸ਼ੁਰੂ ਕਰ ਦਿੱਤਾ ਹੈ, ਕਿਉਂਕਿ ਸੂਬਾ ਸਰਕਾਰ ਹਰੇਕ ਜ਼ਰੂਰਤਮੰਦ ਲਈ ਲੋੜੀਂਦੇ ਰਾਸ਼ਨ ਦਾ ਪ੍ਰਬੰਧ ਅਜੇ ਤੱਕ ਨਹੀਂ ਕਰ ਸਕੀ। ਜਿਸ ਕਾਰਨ ਕਰਫ਼ਿਊ ਦਾ ਮਕਸਦ ਹੀ ਖ਼ਤਰੇ ’ਚ ਪੈ ਗਿਆ ਹੈ, ਜਿਸ ਦੇ ਨਤੀਜੇ ਭਿਆਨਕ ਹੋ ਸਕਦੇ ਹਨ।

**-ਰੋਜ਼ਾਨਾ 10 ਲੱਖ ਲੋੜਵੰਦਾਂ ਨੂੰ ਦੋ ਡੰਗ ਮੁਫ਼ਤ ਖਾਣਾ ਖਵਾ ਰਹੀ ਹੈ ਦਿੱਲੀ ਸਰਕਾਰ**

ਭਗਵੰਤ ਮਾਨ ਨੇ ਸਪਸ਼ਟ ਕਿਹਾ ਕਿ ਅਜਿਹੇ ਚੁਣੌਤੀ ਭਰੇ ਸਮਿਆਂ ’ਚ ਉਹ ਨਿੱਜੀ ਜਾਂ ਸਿਆਸੀ ਤੌਰ ’ਤੇ ਪੰਜਾਬ ਸਰਕਾਰ ਦੀ ਆਲੋਚਨਾ ਜਾਂ ਨਿੰਦਿਆ ਕਰਨਾ ਉਚਿਤ ਨਹੀਂ ਸਮਝਦੇ, ਪਰੰਤੂ ਪੰਜਾਬ ਅਤੇ ਪੰਜਾਬ ਦੇ ਲੋਕਾਂ ਦੇ ਹਿੱਤਾਂ ਲਈ ਕੈ. ਅਮਰਿੰਦਰ ਸਿੰਘ ਸਰਕਾਰ ਨੂੰ ਬਤੌਰ ਮੈਂਬਰ ਲੋੜੀਂਦਾ ਰਾਇ-ਮਸ਼ਵਰਾ ਦੇਣਾ ਆਪਣਾ ਫ਼ਰਜ਼ ਸਮਝਦੇ ਹਨ। ਭਗਵੰਤ ਮਾਨ ਮੁਤਾਬਿਕ ਕੌਮੀ ਰਾਜਧਾਨੀ ’ਚ ਕੇਂਦਰ ਸਰਕਾਰ ਅਧੀਨ ਆਉਂਦੇ ਦੇਸ਼ ਦੇ ਸਿਰਮੌਰ ਹਸਪਤਾਲ ਏਮਜ਼ ਦੇ ਡਾਕਟਰ ਅਤੇ ਸਟਾਫ਼ ਜੇਕਰ ਕੇਜਰੀਵਾਲ ਸਰਕਾਰ ਵਲੋਂ ਦਿੱਲੀ ਦੇ ਸਰਕਾਰੀ ਹਸਪਤਾਲਾਂ ਦੇ ਡਾਕਟਰਾਂ ਅਤੇ ਸਹਾਇਕ ਸਟਾਫ਼ ਨੂੰ ਦਿੱਤੀਆਂ ਗਈਆਂ ਸਹੂਲਤਾਂ ਬਰਾਬਰ ਕੇਂਦਰ ਸਰਕਾਰ ਤੋਂ ਸਹੂਲਤਾਂ ਮੰਗ ਰਹੇ ਹਨ, ਤਾਂ ਪੰਜਾਬ ਸਰਕਾਰ ਨੂੰ ਵੀ ਆਪਣੇ ਡਾਕਟਰਾਂ ਸਮੇਤ ਗਰਾਊਂਡ ਜ਼ੀਰੋ ’ਤੇ ਕੋਰੋਨਾ ਵਿਰੁੱਧ ਲੜਾਈ ਲੜ ਰਹੇ ਦੇਸ ਭਗਤਾਂ ਲਈ ਕੇਜਰੀਵਾਲ ਸਰਕਾਰ ਵਰਗੀਆਂ ਸੁਰੱਖਿਆ ਕਿੱਟਾਂ, 1 ਕਰੋੜ ਰੁਪਏ ਦੇ ਬੀਮਾ ਕਵਰ ਅਤੇ ਹੋਰ ਸਹੂਲਤਾਂ ਦਾ ਤੁਰੰਤ ਐਲਾਨ ਕਰਨਾ ਚਾਹੀਦਾ ਹੈ। ਇਸੇ ਤਰਾਂ ਜਿਵੇਂ ਕੇਜਰੀਵਾਲ ਸਰਕਾਰ ਦਿੱਲੀ ਦੇ ਪ੍ਰਾਈਵੇਟ ਹਸਪਤਾਲਾਂ ਨੂੰ ਆਪਣੇ ਅਧੀਨ ਲਿਆ ਕੇ ਉਨ੍ਹਾਂ ਦਾ ਸਾਜੋ-ਸਮਾਨ ਅਤੇ ਸਟਾਫ਼ ਕੋਰੋਨਾਵਾਇਰਸ ਵਿਰੁੱਧ ਉਤਾਰਨ ਜਾ ਰਹੀ ਹੈ, ਪੰਜਾਬ ਸਰਕਾਰ ਨੂੰ ਵੀ ਅਜਿਹੇ ਬੇਬਾਕ ਕਦਮ ਚੁੱਕਣੇ ਚਾਹੀਦੇ ਹਨ।

ਇੰਨਾ ਹੀ ਨਹੀਂ ਕੋਰੋਨਾਵਾਇਰਸ ਮਰੀਜ਼ਾਂ ਦਾ ਇਲਾਜ ਕਰ ਰਹੇ ਆਪਣੇ ਡਾਕਟਰਾਂ ਅਤੇ ਮੈਡੀਕਲ ਸਟਾਫ਼ ਦੇ ਠਹਿਰਨ ਲਈ ਕੇਜਰੀਵਾਲ ਸਰਕਾਰ ਨੇ 5 ਤਾਰਾ ਹੋਟਲਾਂ ਦੀ ਖ਼ਾਸ ਵਿਵਸਥਾ ਕੀਤੀ ਹੈ। ਪੰਜਾਬ ਦੇ ਹਸਪਤਾਲਾਂ ਅਤੇ ਡਾਕਟਰੀ ਸਟਾਫ਼ ਦਾ ਕੀ ਹਾਲ ਹੈ ਇਸ ਦਾ ਖ਼ੁਲਾਸਾ ਆਪਣੀ ਮੌਤ ਤੋਂ ਪਹਿਲਾਂ ਪਦਮ ਸ੍ਰੀ ਹਜ਼ੂਰੀ ਰਾਗੀ ਭਾਈ ਨਿਰਮਲ ਸਿੰਘ ਚੰਗੀ ਤਰ੍ਹਾਂ ਕਰ ਹੀ ਚੁੱਕੇ ਹਨ। ਭਗਵੰਤ ਮਾਨ ਨੇ ਕਿਹਾ ਕਿ ਜੇਕਰ ਕੇਜਰੀਵਾਲ ਸਰਕਾਰ 72 ਲੱਖ ਲਾਭਪਾਤਰੀ ਪਰਿਵਾਰਾਂ ਨੂੰ ਡੇਢਾ (50 ਫ਼ੀਸਦੀ ਵੱਧ) ਰਾਸ਼ਨ, 10 ਲੱਖ ਤੋਂ ਵੱਧ ਲੋੜਵੰਦਾਂ ਨੂੰ ਰੋਜ਼ਾਨਾ 2 ਡੰਗ ਖਾਣਾ, 8 ਲੱਖ ਵਿਧਵਾਵਾਂ, ਬਜ਼ੁਰਗਾਂ ਅਤੇ ਅਪੰਗਾਂ ਦੀ ਮਹੀਨਾਵਾਰ ਪੈਨਸ਼ਨ ਨੂੰ ਦੁੱਗਣਾ ਕਰਨਾ, 50 ਹਜ਼ਾਰ ਨਿਰਮਾਣ ਕਾਮਿਆਂ ਨੂੰ 5-5 ਹਜ਼ਾਰ ਰੁਪਏ ਦੇਣਾ, 10 ਤੋਂ 12ਵੀਂ ਤੱਕ ਦੇ ਵਿਦਿਆਰਥੀਆਂ ਨੂੰ ‘ਹੋਮ ਸਿਲੇਬਸ’ ਦੀ ਸਹੂਲਤਾਂ ਪ੍ਰਦਾਨ ਕਰਨ ਸਮੇਤ ਟੈਕਸੀ, ਆਟੋ, ਈ-ਰਿਕਸ਼ਾ ਅਤੇ ਹੋਰ ਨਿੱਜੀ ਚਾਲਕਾਂ ਨੂੰ 5-5 ਹਜ਼ਾਰ ਰੁਪਏ ਦੇਣ ਵਰਗੇ ਫ਼ੈਸਲੇ ਕੇਜਰੀਵਾਲ ਸਰਕਾਰ ਕਰ ਸਕਦੀ ਹੈ ਤਾਂ ਪੰਜਾਬ ਦੀ ਕੈਪਟਨ ਸਰਕਾਰ ਕਿਉਂ ਨਹੀਂ ਕਰ ਸਕਦੀ।

# ਨਿਊ ਜਰਸੀ ਫ਼ਿਲਮ ਫ਼ੈਸਟੀਵਲ ਵਿਚ ਗੁਰੂ ਨਾਨਕ ਦੇਵ ਜੀ ਬਾਰੇ ਦਸਤਾਵੇਜ਼ੀ ਫਿਲਮ ਨੇ 2 ਪੁਰਸਕਾਰ ਜਿੱਤੇ



ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਹਾਲ ਹੀ ਵਿਚ ਰਲੀਜ਼ ਹੋਈ ਗੁਰੂ ਨਾਨਕ ਦੇਵ ਜੀ ਬਾਰੇ ਦਸਤਾਵੇਜ਼ੀ ਫਿਲਮ ਨੇ ਗਾਰਡਨ ਸਟੇਟ ਫ਼ਿਲਮ ਫ਼ੈਸਟੀਵਲ ਵਿਚ ਦੋ ਪ੍ਰਮੁੱਖ ਪੁਰਸਕਾਰ ਜਿੱਤੇ ਹਨ। ਨੈਸ਼ਨਲ ਸਿੱਖ ਕੰਪੇਨ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਬਣੀ ਪਹਿਲੀ ਦਸਤਾਵੇਜ਼ੀ ਫਿਲਮ ਨੇ 'ਬੈਸਟ ਇੰਟਰਨੈਸ਼ਨਲ ਡਾਕੂਮੈਂਟਰੀ' ਤੇ 'ਬੈਸਟ ਸਿਨੇਮਾਟੋਗਰਾਫ਼ੀ ਐਵਾਰਡ' ਜਿੱਤਿਆ। ਨਿਊਜਰਸੀ ਦੇ ਐਸਬਰੀ ਸ਼ਹਿਰ ਵਿਚ ਹੋਏ ਸਲਾਨਾ ਸਮਾਗਮ ਵਿਚ ਕੁਲ 240 ਦਸਤਾਵੇਜ਼ੀ ਫ਼ਿਲਮਾਂ ਮੁਕਾਬਲੇ ਵਿਚ ਸਨ। ਨਿਰਦੇਸ਼ਕ ਜੈਰੀ ਕਰੈਲ ਤੇ ਐਡਮ ਕਰੈਲ ਨੇ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਮੌਕੇ ਇਸ ਫ਼ਿਲਮ ਨੂੰ ਬਣਾਉਣ 'ਚ 10 ਮਹੀਨੇ ਦਾ ਸਮਾਂ ਲਗਾਇਆ।


“Quality is our strength.”

SKYDOME GROUP OF COMPANIES

MINISTRY APPROVED SALVAGE INSPECTION STATION

WE DEAL WITH ALL INSURANCE COMPANIES

Body Centre
Specializing in:
• Collision • Custom Painting
• Mechanical Service
• Frame & Unibody Repair
• Insurance Claims Welcome

Inderjit Singh- Lic. Auto Body Technician/Lic. Mec.

Daljit Singh
President

308 Rutherford Road
Brampton
905-874-9878

Skydome Emission & Allignment Centre Inc.
• Computerized Wheel Allignment • New & Used Tires
• Oil Changes
210 Rutherford Rd., Brampton
905-450-9878
Inderpal Singh

WE SELL QUALITY USED CARS
Satnam Singh- Lic. Auto Body Technician

STAFFORD TRUCK CENTRE
30 Stafford Dr., Brampton, Tel: 905 - 460 - 1414

HEAD OFFICE: 905-874-9878
Tol Free: 1-877-799-9878, www.skydomeauto.ca



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

MEMBER ICCRC

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



Paramjit Deol
Broker

CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*
Independently Owned and Operated.

Tel:905-405-8484
www.paramjitdeol.com
Email: pdeol3@yahoo.ca

“Your neighborhood broker, Call Paramjit Deol Today”

Mississauga $749,000
7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

Toronto $179,000
barBURRITO
6464 Yonge St 128: Well Establish Franchise Opportunity Of Bar Burrito, Located In A Very Busy & Well Known Mall At Center Point Mall In The Food Court, High Traffic Shopping Centre, Great Daily Exposure, Long Term Lease Sale Are $ 45,000 Per Month & Very Low Rent.

Caledon $749,900
Old Church & Atchinson: Caledon East One Of The Best Communities To Live & Raise Your Family W/ Amenities Right In Town. Freehold Townhouse, Grand Foyer, Hardwood With Oak Stairs, Laminate In The Bedrooms, Sensational Kitchen W/ Granite Counter Top, Centre Island.

Mississauga $199,900
Techlogics
5315 Tomken Rd 5: Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

Brampton $349,000
Photo Not Available
10635 Bramalea Rd J-4: Turn Key Operation, Well Established Franchise Pizzeria Business For Sale. Located In A Very Busy Plaza W/ High Anchor Tenants Such As Freshco, Beer Store, Banks, Schools & More, Very Profitable Business W/ Sales Of $55,000-$60,000/Month.

Brampton $249,000
373 Steeles Ave W 1 : Fantastic Opportunity To Be A Part Of A Well Established & Fast Growing Franchise, Mumma's Burritos Located In High Demand & Traffic Flow Area, Across From Sheridan College, Great Flow Traffic , Unbelievable Sales Of $28,000/Month As Per Seller, Very Low Rent Of $4,612.

MISSISSAUGA $299,000
Photo Not Available
5380 Terry Fox Way 12: Turn Key Operation, Be Your Own Boss Today, Franchise Pizzeria In A High Demand Area Of Mississauga, Surrounded By Thousands Of Homes, Situated In A Very Busy Plaza. Weekly Sales Of $15,000 & Very Low Rent Of $4,000 Per Month, Great Net Profits, Long Term Lease Worry Free.

Waterloo $399,000
Photo Not Available
Hickory & Hemlock: Golden Investment Or Live-In Opportunity. Minutes Walking To Waterloo & Laurier Universities. Steps To Public Transport & Minutes To Go Station. 2 Br/2 Wr Fully Furnished. Plus One Parking Space, 2 Years Free Maintenance Fee & Management Fee. Fully Furnished

Brampton $349,000
Photo Not Available
284 Orenda Dr 19: Well Established Indian Restaurant In A High Demand Area Of Brampton, 16 Years In Business, Well Known For Taste And Service. Excellent Corporate Location, In A Very Busy Plaza With Fabulous Exposure, Daily Buffet, Catering, Dine-In Veg. And Non-Veg. Rent Of $6,700

Brampton $459,000
7800 Hurontario St 1 : Well Established Franchise Opportunity, Sales Of $50K P/M Galito's Chicken, Authentic South African Restaurant, Surrounded By Thousands Of Homes, Businesses & Industrial Areas, Great Exposure, High Density Traffic Flow Daily, Great Size Dinning & Bar Areas.

Barrie $769,000
Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

Oshawa $659,000
Photo Not Available
150 Windfields Farm Dr 86: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

Brampton $499,000
15 Gateway Blvd: Opportunity Awaits, Professionally Designed Restaurant + Bars+ 2 Party Rooms, Llbo. Very Busy Restaurant, Capacity Of 150 People For Restaurant With 2 Additional Party Rooms W/ Capacity Of 40 People + 40 Dine In & Take-Out Catering. Excellent $$ Making Opportunity With Many Revenue

Brampton $549,000
Clark & Bramalea: Professionally Renovated 4 Br & 2 Full Washroom Townhouse Near Bramalea City Centre. New Luxurious Modern Kitchen With Granite Countertop, Undermount S/S Sink & Backsplash. New Oak Staircase, All New Flooring, Pot Lights, New Modern Washrooms & New Classic Door.

Toronto $789,000
Warden And Steeles: Extreme Makeover"Condo Edition! This Rarely Offered Corner Unit Is A Must See. The Spacious 1907 Sqft, 2Bdr/2Bath Has Received A Top To Bottom Update & The Transformation Is Simply Stunning. Brand New O/ C Eat-In Kit, S/S Appli, Custom-Made Ww Treatment, Drapery.

Mississauga $715,000
Derry And Mclaughlin: One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਪਿੰਡਾਂ ਵਿੱਚ ਰਾਸ਼ਨ ਵੰਡ ਅਤੇ ਜਾਗਰੂਕਤਾ ਮੁਹਿੰਮ ਲਗਾਤਾਰ ਜਾਰੀ





ਲੁਧਿਆਣਾ, 6 ਅਪ੍ਰੈਲ (ਗਿਆਨ ਸਿੰਘ )-ਵਿਸ਼ਵ ਭਰ ਵਿੱਚ ਫੈਲੀ ਨੋਵੇਲ ਕੋਰੋਨਾ ਵਾਇਰਸ (ਕੋਵਿਡ-19) ਬਿਮਾਰੀ ਨੂੰ ਫੈਲਣ ਤੋਂ ਰੋਕਣ ਹਿੱਤ ਲੋਕਾਂ ਨੂੰ ਜਾਗਰੂਕ ਕਰਨ ਅਤੇ ਬੇਗਾਰ ਹੋਏ ਲੋਕਾਂ ਨੂੰ ਰਾਸ਼ਨ ਵੰਡਣ ਦੀ ਮੁਹਿੰਮ ਲਗਾਤਾਰ ਜਾਰੀ ਹੈ। ਸ਼ਹਿਰੀ ਖੇਤਰਾਂ ਵਿੱਚ ਇਸ ਕੰਮ ਲਈ ਪ੍ਰਸਾਸ਼ਨ ਦਾ ਸਾਥ ਦੇਣ ਲਈ ਕਈ ਗੈਰ ਸਰਕਾਰੀ ਸੰਸਥਾਵਾਂ ਅਤੇ ਜਥੇਬੰਦੀਆਂ ਕੰਮ ਕਰ ਰਹੀਆਂ ਹਨ, ਉਥੇ ਹੀ ਦਿਹਾਤੀ ਖੇਤਰਾਂ ਦੀ ਜ਼ਿੰਮੇਵਾਰੀ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਲਈ ਗਈ ਹੈ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਲੁਧਿਆਣਾ-2 ਦੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਸ੍ਰ. ਜਸਵੰਤ ਸਿੰਘ ਬੜੈਚ ਨੇ ਦੱਸਿਆ ਕਿ ਇਸ ਮੁਹਿੰਮ ਦੌਰਾਨ ਪਿੰਡਾਂ ਵਿੱਚ ਜੋ ਦਿਹਾੜੀਦਾਰ ਗਰੀਬ ਤਬਕੇ ਦੇ ਲੋਕ ਹਨ, ਉਹਨਾਂ ਨੂੰ ਸਰਕਾਰ ਵੱਲੋਂ ਦਿੱਤਾ ਗਿਆ ਰਾਸ਼ਨ ਵੀ ਵੰਡਿਆ ਜਾ ਰਿਹਾ ਹੈ। ਲੌਕਡਾਊਨ ਦੇ ਚੱਲਦਿਆਂ ਦੁਕਾਨਦਾਰਾਂ ਨੂੰ ਸਮਝਾਇਆ ਜਾ ਰਿਹਾ ਹੈ ਕਿ ਉਹ ਸਰਕਾਰ ਦੀਆਂ ਹਦਾਇਤਾਂ ਮੰਨਦਿਆਂ ਆਪਣੀਆਂ ਦੁਕਾਨਾਂ ਨਾ ਖੋਲ੍ਹਣ ਅਤੇ ਲੋਕਾਂ ਨੂੰ ਇਕੱਠੇ ਨਾ ਹੋਣ ਦੇਣ। ਲੋਕਾਂ ਨੂੰ ਸਮਾਜਿਕ ਦੂਰੀ (ਸੋਸ਼ਲ ਡਿਸਟੈਂਸਿੰਗ) ਬਾਰੇ ਵੀ ਜਾਗਰੂਕ ਕੀਤਾ ਜਾ ਰਿਹਾ ਹੈ। ਲੋਕਾਂ ਅਤੇ ਪੰਚਾਇਤਾਂ ਦਾ ਵੱਧ ਤੋਂ ਵੱਧ ਸਹਿਯੋਗ ਲਿਆ ਜਾ ਰਿਹਾ ਹੈ।

ਇਸ ਸੰਬੰਧੀ ਅੱਜ ਦਿਹਾਤੀ ਖੇਤਰਾਂ ਦਾ ਦੌਰਾ ਕਰਨ 'ਤੇ ਦੇਖਿਆ ਕਿ ਵਿਭਾਗ ਵੱਲੋਂ ਪੂਰੇ ਇਲਾਕਿਆਂ ਵਿੱਚ ਕੈਮੀਕਲ ਸੋਡੀਅਮ ਹਾਈਪੋਕਲੋਰਾਈਟ ਦੀ ਪਿੰਡਾਂ ਵਿੱਚ ਵੰਡ ਕੀਤੀ ਜਾ ਰਹੀ ਹੈ ਅਤੇ ਛਿੜਕਾਅ ਕੀਤਾ ਜਾ ਰਿਹਾ ਹੈ। ਵਿਭਾਗ ਵੱਲੋਂ ਇੱਕ ਹੋਰ ਅਹਿਮ ਜ਼ਿੰਮੇਵਾਰੀ ਨੂੰ ਨਿਭਾਉਂਦਿਆਂ ਪਿੰਡਾਂ ਵਿੱਚ ਵਿਦੇਸ਼ ਤੋਂ ਆਏ ਪ੍ਰਵਾਸੀ ਪੰਜਾਬੀਆਂ ਨੂੰ ਘਰ-ਘਰ ਜਾ ਕੇ ਵੈਰੀਫਾਈ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਘਰਾਂ ਦੇ ਅੱਗੇ ਸਰਕਾਰ ਵੱਲੋਂ ਜਾਰੀ ਕੀਤੇ ਗਏ ਸਪੈਸ਼ਲ ਸਟੀਕਰ ਵੀ ਚਸਪਾ ਕੀਤੇ ਜਾ ਰਹੇ ਹਨ ਤਾਂ ਜੋ ਆਮ ਲੋਕਾਂ ਨੂੰ ਇਹਨਾਂ ਬਾਹਰੋਂ ਆਏ ਲੋਕਾਂ ਦੇ ਸੰਪਰਕ ਵਿੱਚ ਨਾ ਆਉਣ ਦਿੱਤਾ ਜਾਵੇ।


NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਉ ਨਾਮ
ਕਰਤਾਰ ਫਰਨੀਚਰ
132" 88" 8 Seated Sofa
■ ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜ਼ਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

We Provide services:
• Corporation Registration
• Corporation Tax Returns
• Personal Tax Retrurns
• Accounting • Book - Keeping
• H.S.T • WSIB • T4 • E-File
• Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋਂ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਅਮਰੀਕਾ ਵਿੱਚ ਕੋਰੋਨਾ ਦੇ ਕਾਰਨ ਮੌਤਾਂ ਦੀ ਗਿਣਤੀ 10,000 ਤੋਂ ਟੱਪੀ

...ਪੰਨਾ 1 ਦਾ ਬਾਕੀ

ਇਸ ਦੌਰਾਨ ਖਬਰਾਂ ਹਨ ਕਿ ਅਮਰੀਕਾ ਦੇ ਹਸਪਤਾਲਾਂ ਵਿਚ ਮੈਡੀਕਲ ਸਾਮਾਨ ਦੀ ਕਮੀ ਹੋ ਗਈ ਹੈ, ਜਿਸ ਵਿਚ ਟੈਸਟਿੰਗ ਕਿੱਟਾਂ ਤੇ ਥਰਮਾਮੀਟਰ ਵੀ ਸ਼ਾਮਲ ਹਨ। ਇਹ ਡਰ ਪੈ ਰਿਹਾ ਹੈ ਕਿ ਕੋਰੋਨਾ ਵਾਇਰਸ ਨਾਲ ਪ੍ਰਭਾਵਤ ਮਰੀਜ਼ਾਂ ਦੀ ਸੰਭਾਲ ਕਰਨ ਵਾਲੇ ਡਾਕਟਰ ਤੇ ਮੈਡੀਕਲ ਸਟਾਫ ਦੀ ਸੁਰੱਖਿਆ ਕਰਨਾ ਮੁਸ਼ਕਲ ਹੋ ਸਕਦਾ ਹੈ। ਅਲਬਾਮਾ, ਦੱਖਣੀ ਕੈਰੋਲਿਨਾ ਤੇ ਪੈਨਸਿਲਵੇਨੀਆ ਦੇ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਮਿਆਦ ਲੰਘਿਆ ਮੈਡੀਕਲ ਸਾਮਾਨ ਮਿਲਿਆ ਹੈ।

ਕੋਰੋਨਾ ਦੇ ਵਾਇਰਸ ਤੋਂ ਨਿਊਯਾਰਕ ਸਭ ਤੋਂ ਵੱਧ ਪ੍ਰਭਾਵਤ ਹੈ, ਜਿਥੇ ਰੋਜ਼ 600 ਤੋਂ ਵੱਧ ਲੋਕਾਂ ਦੀ ਮੌਤ ਹੋ ਰਹੀ ਹੈ ਤੇ ਪਾਜ਼ੇਟਿਵ ਕੇਸਾਂ ਦਾ ਲਗਾਤਾਰ ਵਾਧਾ ਹੋ ਰਿਹਾ ਹੈ। ਓਥੋਂ ਦੇ ਗਵਰਨਰ ਐਂਡਰੀਊ ਕਿਓਮੋ ਨੇ ਇਸ ਨੂੰ ਕੰਟਰੋਲ ਕਰਨ ਦੇ ਸੰਬੰਧ ਵਿੱਚ ਨਵੇਂ ਐਲਾਨ ਕੀਤੇ ਹਨ, ਜਿਨ੍ਹਾਂ ਵਿਚ ਗੈਰ-ਜ਼ਰੂਰੀ ਕਾਰੋਬਾਰ 29 ਅਪ੍ਰੈਲ ਤੱਕ ਬੰਦ ਕਰਨ ਦਾ ਹੁਕਮ ਸ਼ਾਮਲ ਹੈ ਅਤੇ ਜ਼ੁਰਮਾਨਾ 500 ਡਾਲਰ ਤੋਂ ਵਧਾ ਕੇ 1000 ਡਾਲਰ ਤੱਕ ਕਰ ਦਿੱਤਾ ਹੈ। ਉਨ੍ਹਾ ਕਿਹਾ ਕਿ ਨਿਊਯਾਰਕ ਦੇ ਸਕੂਲ ਅਤੇ ਗੈਰ-ਜ਼ਰੂਰੀ ਕਾਰੋਬਾਰ 29 ਅਪ੍ਰੈਲ ਤੱਕ ਬੰਦ ਰਹਿਣਗੇ।

ਬਾਕੀ ਦੇਸ਼ਾਂ ਵਿੱਚੋਂ ਇਟਲੀ ਵਿੱਚ ਇਸ ਬਿਮਾਰੀ ਨਾਲ ਮਰਨ ਵਾਲਿਆਂ ਦੀ ਗਿਣਤੀ 16,523, ਸਪੇਨ 13,341, ਫਰਾਂਸ 8911, ਬ੍ਰਿਟੇਨ 5373, ਇਰਾਨ 3739, ਨੀਦਰਲੈਂਡ 1867 ਤੇ ਜਰਮਨੀ ਵਿੱਚ 1810 ਹੋ ਚੁੱਕੀ ਹੈ।

## ਇਸ ਹਫਤੇ ਦੇ ਅੰਤ ਤੱਕ ਓਨਟਾਰੀਓ ਪਹੁੰਚ ਜਾਣਗੇ 500,000 ਐਨ95 ਮਾਸਕਸ

...ਪੰਨਾ 1 ਦਾ ਬਾਕੀ

ਫੋਰਡ ਨੇ ਆਖਿਆ ਕਿ ਅਮਰੀਕੀ ਅਧਿਕਾਰੀਆਂ ਤੇ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਨਾਲ ਸੋਮਵਾਰ ਸਵੇਰੇ ਗੱਲ ਕਰਨ ਤੋਂ ਬਾਅਦ ਉਨ੍ਹਾਂ ਨੂੰ ਇਸ ਗੱਲ ਦੀ ਆਸ ਘਟ ਹੀ ਰਹਿ ਗਈ ਹੈ ਕਿ ਓਨਟਾਰੀਓ ਲਈ 500,000 ਮਾਸਕਸ ਇਸ ਹਫਤੇ ਦੇ ਅੰਤ ਤੱਕ ਪਹੁੰਚ ਜਾਣਗੇ। ਪਰ ਹੁਣ 3ਐਮ ਵੱਲੋਂ ਵਾਈਟ ਹਾਊਸ ਨਾਲ ਕੀਤੀ ਗਈ ਡੀਲ ਤੋਂ ਬਾਅਦ ਇਹ ਮਾਸਕਸ ਜਲਦ ਮਿਲਣ ਦੀ ਆਸ ਬੱਝੀ ਹੈ। ਸੋਮਵਾਰ ਨੂੰ ਨਿਊਜ਼ ਕਾਨਫਰੰਸ ਵਿੱਚ ਫੋਰਡ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪਹਿਲਾਂ ਅਮਰੀਕੀ ਅਧਿਕਾਰੀਆਂ ਵੱਲੋਂ ਸਾਊਥ ਡਕੋਤਾ ਸਥਿਤ 3ਐਮ ਤੋਂ ਤਿੰਨ ਮਿਲੀਅਨ ਮਾਸਕਸ ਬਾਹਰ ਆਉਣ ਉੱਤੇ ਰੋਕ ਲਾ ਦਿੱਤੀ ਸੀ। ਪਰ ਹੁਣੇ ਜਿਹੇ ਕੰਪਨੀ ਵੱਲੋਂ ਆਖਿਆ ਗਿਆ ਹੈ ਕਿ ਉਨ੍ਹਾਂ ਦੇ ਮਾਸਕਸ ਦੀ ਖੇਪ ਜਲਦ ਹੀ ਓਨਟਾਰੀਓ ਭੇਜ ਦਿੱਤੀ ਜਾਵੇਗੀ।

## ਮੁੱਖ ਮੰਤਰੀ ਰਾਹਤ ਫੰਡ ’ਚ ਯੋਗਦਾਨ ਪਾਉਣ ਲਈ ਧਰਮਸੋਤ ਵਲੋਂ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ

ਚੰਡੀਗੜ੍ਹ, 6 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ ਜੰਗਲਾਤ, ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਅਤੇ ਲਿਖਣ ਤੇ ਛਪਾਈ ਸਮੱਗਰੀ ਵਿਭਾਗ ਦੇ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਅੱਜ ਆਪਣੇ ਅਧੀਨ ਵਿਭਾਗਾਂ ਤੇ ਸੀਨੀਅਰ ਅਧਿਕਾਰੀਆਂ ਨਾਲ ਕੋਵਿਡ 19 ਦੇ ਪੈਦਾ ਹੋਏ ਹਾਲਾਤਾਂ ਸਬੰਧੀ ਮੀਟਿੰਗ ਕੀਤੀ। ਇਥੇ ਇਕ ਬਿਆਨ ਰਾਹੀਂ ਇਹ ਜਾਣਕਾਰੀ ਦਿੰਦਿਆਂ ਧਰਮਸੋਤ ਨੇ ਦੱਸਿਆ ਕਿ ਕੈ. ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ’ਚ ਨੋਵਲ ਕਰੋਨਾ ਵਾਇਰਸ ਨਾਲ ਨਜਿੱਠਣ ਲਈ ਕੀਤੇ ਗਏ ਹਰ ਸੰਭਵ ਯਤਨ ਕਰ ਰਹੀ ਹੈ। ਉਨ੍ਹਾਂ ਮੁੱਖ ਮੰਤਰੀ ਪੰਜਾਬ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਮਹਾਂਮਾਰੀ ਵਿਰੁੱਧ ਲੜਨ ਲਈ ਸੂਬੇ ਦੇ ਹਰ ਨਾਗਰਿਕ ਨੂੰ ਆਪਣਾ ਯੋਗਦਾਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਫੈਸਲੇ ਤਹਿਤ ਜੰਗਲਾਤ, ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਅਤੇ ਲਿਖਣ ਤੇ ਛਪਾਈ ਸਮੱਗਰੀ ਆਦਿ ਵਿਭਾਗ ਮੁੱਖ ਮੰਤਰੀ ਰਾਹਤ ਫੰਡ ’ਚ ਆਪਣਾ ਵਿੱਤੀ ਯੋਗਦਾਨ ਪਾਉਣਗੇ। ਧਰਮਸੋਤ ਨੇ ਸੂਬੇ ਲੋਕਾਂ ਨੂੰ ਮੁੱਖ ਮੰਤਰੀ ਰਾਹਤ ਫੰਡ ’ਚ ਆਪਣਾ ਯੋਗਦਾਨ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਦੇ ਹਰ ਜ਼ਿੰਮੇਵਾਰ ਨਾਗਰਿਕ ਦਾ ਫਰਜ਼ ਬਣਦਾ ਹੈ ਕਿ ਉਹ ਇਸ ਮਾਰੂ ਵਾਇਰਸ ਨਾਲ ਲੜਨ ਲਈ ਸੂਬੇ ਨੂੰ ਯੋਗਦਾਨ ਦੇਣ ਤਾਂ ਜੋ ਅਸੀਂ ਹਰ ਨਾਗਰਿਕ ਨੂੰ ਸੁਰੱਖਿਅਤ ਕਰ ਸਕੀਏ। ਉਨ੍ਹਾਂ ਇਸ ਵਾਇਰਸ ਵਿਰੁੱਧ ਜੰਗ ’ਚ ਮੋਹਰੀ ਭੂਮਿਕਾ ਨਿਭਾ ਰਹੇ ਡਾਕਟਰਾਂ, ਪੁਲਸ ਮੁਲਾਜ਼ਮਾਂ, ਪ੍ਰਸ਼ਾਸਨ ਅਤੇ ਸਮਾਜ ਸੇਵੀ ਵਰਕਰਾਂ ਦਾ ਧੰਨਵਾਦ ਵੀ ਕੀਤਾ ਜੋ ਆਪਣੀ ਜਾਨ ਨੂੰ ਜ਼ੋਖ਼ਮ ’ਚ ਪਾ ਕੇ ਲਗਾਤਾਰ ਮਿਹਨਤ ਕਰ ਰਹੇ ਹਨ।

## ਰਾਸ਼ਨ ਵੰਡਣ ’ਚ ਵੀ ਹੋ ਰਹੀ ਕੋਝੀ ਰਾਜਨੀਤੀ : ਚੀਮਾ

ਚੰਡੀਗੜ੍ਹ, 6 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਇਸ ਮਹਾਮਾਰੀ ਵਾਲੇ ਮਾਹੌਲ ’ਚ ਵੀ ਪ੍ਰਦੇਸ਼ ’ਚ ਕੋਝੀ ਰਾਜਨੀਤੀ ਹੋ ਰਹੀ ਹੈ। ਜਰੂਰਤਮੰਦ ਅਤੇ ਗਰੀਬ ਲੋਕਾਂ ਤੱਕ ਰਾਸ਼ਨ ਪਹੁੰਚਾਣ ਲਈ ਚੱਲ ਰਹੇ ਕੰਮ ’ਚ ਸੱਤਾਧਾਰੀ ਰਾਜਨੀਤਕ ਦਲ ਦੇ ਲੋਕਾਂ ਨੂੰ ਰਾਜਨੀਤਕ ਹਿਤਾਂ ਦੀ ਪੂਰਤੀ ਕਰਨ ਦਾ ਮੌਕਾ ਦਿੱਤਾ ਜਾ ਰਿਹਾ ਹੈ। ਇਸ ਤਰ੍ਹਾਂ ਦੀ ਕੋਝੀ ਰਾਜਨੀਤੀ ਨੂੰ ਛੱਡ ਕੇ ਮੌਜੂਦਾ ਸਮੇਂ ਨੂੰ ਦੇਖਦਿਆਂ ਸਰਕਾਰ ਸਿਰਫ਼ ਪ੍ਰਬੰਧਕੀ ਅਧਿਕਾਰੀਆਂ ਨੂੰ ਹੀ ਜ਼ਰੂਰਤ ਦਾ ਖਾਦ ਸਾਮਾਨ ਅਤੇ ਰਾਸ਼ਨ ਪਹੁੰਚਾਣ ਦੀ ਜ਼ਿੰਮੇਵਾਰੀ ਸੌਂਪੇ, ਇਸ ਦੇ ਨਾਲ ਹੀ ਕੋਰੋਨਾ ਵਾਇਰਸ ਨਾਲ ਲੜਾਈ ਲੜਨ ’ਚ ਜੂਝ ਰਹੇ ਸਿਹਤ ਵਿਭਾਗ ਦੇ ਡਾਕਟਰਾਂ ਅਤੇ ਮੁਲਾਜ਼ਿਮਾਂ ਨੂੰ ਤੁਰੰਤ ਸੁਰੱਖਿਆ ਸਾਜੋ-ਸਾਮਾਨ ਉਪਲੱਬਧ ਕਰਵਾਇਆ ਜਾਵੇ ਤਾਂ ਕਿ ਉਹ ਮਨੁੱਖਤਾ ਦੀ ਵੱਡੀ ਲੜਾਈ ’ਚ ਆਪਣੀ ਜਾਨ ਦੇ ਜੋਖਮ ਨੂੰ ਥੋੜਾ ਘੱਟ ਕਰਕੇ ਲੜਦੇ ਰਹਿਣ। ਇਹ ਕਹਿਣਾ ਹੈ ਪੰਜਾਬ ਦੇ ਵਿਰੋਧੀ ਧਿਰ ਨੇਤਾ ਹਰਪਾਲ ਸਿੰਘ ਚੀਮਾ ਦਾ।

ਆਮ ਆਦਮੀ ਦੇ ਵਿਧਾਇਕ ਹਰਪਾਲ ਸਿੰਘ ਚੀਮਾ ਨੇ ‘ਜਗਬਾਣੀ’ ਨਾਲ ਗੱਲਬਾਤ ਦੌਰਾਨ ਕਿਹਾ ਕਿ ਉਨ੍ਹਾਂ ਨੂੰ ਪਾਰਟੀ ਦੇ ਜ਼ਿਲਾ ਪੱਧਰ ਦੇ ਅਧਿਕਾਰੀਆਂ ਤੋਂ ਸੂਚਨਾਵਾਂ ਮਿਲ ਰਹੀ ਹਨ ਕਿ ਰਾਜ ਦੇ ਸ਼ਹਿਰਾਂ ਖਾਸ ਕਰਕੇ ਜਿੱਥੇ ਆਉਣ ਵਾਲੇ ਸਮੇਂ ’ਚ ਸਥਾਨਕ ਸਰਕਾਰਾਂ ਚੋਣ ਕਰਵਾਈ ਜਾਣੀ ਹੈ, ਉਥੇ ’ਤੇ ਲੋਕਾਂ ਨੂੰ ਜਰੂਰੀ ਸਾਮਾਨ ਖਾਦ ਪਦਾਰਥ ਅਤੇ ਰਾਸ਼ਨ ਪਹੁੰਚਾਉਣ ਸਮੇਂ ਸੱਤਾਧਾਰੀ ਕਾਂਗਰਸ ਦੇ ਉਨ੍ਹਾਂ ਨੇਤਾਵਾਂ ਨੂੰ ਪਹਿਲ ਮਿਲ ਰਹੀ ਹੈ, ਜਿਨ੍ਹਾਂ ਦੇ ਸਥਾਨਕ ਸਰਕਾਰਾਂ ਚੋਣ ’ਚ ਉਮੀਦਵਾਰ ਬਣਨ ਦੀ ਪੂਰੀ ਸੰਭਾਵਨਾ ਹੈ। ਚੀਮਾ ਨੇ ਕਿਹਾ ਕਿ ਇਹ ਇਸ ਐਮਰਜੰਸੀ ’ਚ ਵੀ ਕੀਤੀ ਜਾ ਰਹੀ ਹੋਛੀ ਰਾਜਨੀਤੀ ਦੀ ਵੱਡੀ ਮਿਸਾਲ ਹੈ। ਚੀਮਾ ਨੇ ਕਿਹਾ ਕਿ ਮੌਜੂਦਾ ਮਹਾਮਾਰੀ ਨਾਲ ਨਿਪਟਣ ਲਈ ਪੰਜਾਬ ਸਰਕਾਰ ਵਲੋਂ ਕੀਤੇ ਗਏ ਸਿਹਤ ਸੰਸਾਧਨ ਇੰਤਜ਼ਾਮ ਨਾਕਾਫ਼ੀ ਹਨ। ਨਾ ਤਾਂ ਸਰਕਾਰ ਵਲੋਂ ਡਾਕਟਰਾਂ ਦੀ ਭਰਤੀ ਲਈ ਕੋਈ ਸਪੈਸ਼ਲ ਡਰਾਇਵ ਚਲਾਈ ਗਈ ਹੈ ਅਤੇ ਨਾ ਹੀ ਵਿਭਾਗ ’ਚ ਪਿਛਲੇ ਕਈ ਸਾਲਾਂ ਤੋਂ ਆਪਣੀਆਂ ਸੇਵਾਵਾਂ ਦੇ ਰਹੇ ਕੱਚੇ ਮੁਲਾਜ਼ਿਮਾਂ ਨੂੰ ਪੱਕਾ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਚੀਮਾ ਨੇ ਕਿਹਾ ਕਿ ਅਜਿਹਾ ਇਸ ਲਈ ਜਰੂਰੀ ਹੈ ਤਾਂ ਕਿ ਉਹ ਕੱਚੇ ਮੁਲਾਜ਼ਿਮ ਆਪਣੇ ਭਵਿੱਖ ਦੀ ਚਿੰਤਾ ਤੋਂ ਮੁਕਤ ਹੋ ਕੇ ਮਨੁੱਖਤਾ ਦੀ ਇਸ ਲੜਾਈ ’ਚ ਪੂਰੇ ਜੋਸ਼ ਨਾਲ ਯੋਗਦਾਨ ਦੇ ਸਕਣ।

## ਕੈ. ਅਮਰਿੰਦਰ ਨੇ ਜੀ.ਐਸ.ਟੀ. ਦਾ ਬਕਾਇਆ ਤੁਰੰਤ ਜਾਰੀ ਕਰਨ ਲਈ ਮੋਦੀ ਤੇ ਸ਼ਾਹ ਨੂੰ ਪੱਤਰ ਲਿਖਿਆ

ਚੰਡੀਗੜ੍ਹ, 6 ਮਾਰਚ (ਪੋਸਟ ਬਿਊਰੋ)- ਕੋਵਿਡ-19 ਮਹਾਂਮਾਰੀ ਕਾਰਨ ਪੈਦਾ ਹੋਏ ਅਣਕਿਆਸੇ ਸੰਕਟ ਨਾਲ ਨਜਿੱਠਣ ਲਈ ਪੰਜਾਬ ਦੇ ਮੁੱਖ ਮੰਤਰੀ ਕੈ. ਅਮਰਿੰਦਰ ਸਿੰਘ ਨੇ ਸੋਮਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਜੀ.ਐਸ.ਟੀ. ਬਕਾਏ ਦੀ ਅਦਾਇਗੀ ਦੇ ਤੁਰੰਤ ਭੁਗਤਾਨ ਅਤੇ ਹੋਰ ਲਟਕਦੇ ਮਾਮਲਿਆਂ ਦੇ ਹੱਲ ਲਈ ਦਖਲ ਦੇਣ ਦੀ ਅਪੀਲ ਕੀਤੀ ਹੈ ਤਾਂ ਜੋ ਇਸ ਸਥਿਤੀ ’ਚ ਪ੍ਰਭਾਵਸ਼ਾਲੀ ਤਰੀਕੇ ਨਾਲ ਕਾਰਵਾਈ ਕੀਤੀ ਜਾ ਸਕੇ। ਮੁੱਖ ਮੰਤਰੀ ਨੇ ਇਸੇ ਤਰ੍ਹਾਂ ਦਾ ਪੱਤਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਲਿਖਦਿਆਂ ਇਹ ਗੱਲ ਜ਼ੋਰ ਦੇ ਕੇ ਕਹੀ ਕਿ ਇਨ੍ਹਾਂ ਮੁੱਦਿਆਂ ’ਤੇ ਜਲਦੀ ਕਾਰਵਾਈ ਕੋਵਿਡ-19 ਦੇ ਪ੍ਰਭਾਵਸ਼ਾਲੀ ਪ੍ਰਬੰਧਨ ’ਚ ਸਹਾਇਤਾ ਕਰੇਗੀ ਅਤੇ ਇਸ ਸੰਕਟ ਨਾਲ ਪ੍ਰਭਾਵਿਤ ਹੋਏ ਲੋਕਾਂ ਨੂੰ ਲੋੜੀਂਦੀ ਰਾਹਤ ਪ੍ਰਦਾਨ ਕੀਤੀ ਜਾ ਸਕੇਗੀ। ਮੁੱਖ ਮੰਤਰੀ ਨੇ ਭਾਰਤ ਸਰਕਾਰ ਦਾ ਇਨ੍ਹਾਂ ਲਟਕਦੇ ਮਾਮਲਿਆਂ ’ਤੇ ਧਿਆਨ ਦਿਵਾਉਂਦਿਆਂ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨੂੰ ਜ਼ਰੂਰੀ ਦਖਲ ਦੇਣ ਦੀ ਮੰਗ ਕਰਦਿਆਂ ਕਿਹਾ ਕਿ ਸਾਡੇ ਜੀ.ਐਸ.ਟੀ. ਬਕਾਏ ਦੀ ਅਦਾਇਗੀ ਬਹੁਤ ਮਹੱਤਵਪੂਰਨ ਹੈ ਕਿਉਂਕਿ ਸਾਨੂੰ ਗੰਭੀਰ ਵਿੱਤੀ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕੈਪਟਨ ਨੇ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ’ਚ ਦੇਸ਼ ਨੂੰ ਇਕੱਠੇ ਹੋ ਕੇ ਇਸ ਚੁਣੌਤੀ ਦਾ ਸਾਹਮਣਾ ਕਰਨ ਦੀ ਲੋੜ ’ਤੇ ਜ਼ੋਰ ਦਿੰਦਿਆਂ ਕਿਹਾ ਕਿ ਕੋਵਿਡ-19 ਸੰਕਟ ਸਾਰਿਆਂ ਲਈ ਬਹੁਤ ਵੱਡੇ ਪੱਧਰ ’ਤੇ ਚੁਣੌਤੀ ਹੈ ਜਿਸ ਨੇ ਸਾਰੇ ਲੋਕਾਂ ਅਤੇ ਅਰਥ ਵਿਵਸਥਾ ਦੇ ਸਾਰੇ ਖੇਤਰਾਂ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਗਰੀਬ ਸਭ ਤੋਂ ਵੱਧ ਪ੍ਰਭਾਵਿਤ ਹੋਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਸੁਭਾਵਕ ਤੌਰ ’ਤੇ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਸੂਬਿਆਂ ’ਚ ਵਧੇਰੇ ਕਰਨਾ ਪੈ ਰਿਹਾ ਹੈ ਜਿੱਥੇ ਇਕ ਪਾਸੇ ਇਸ ਮਹਾਂਮਾਰੀ ਨੂੰ ਰੋਕਣ ਅਤੇ ਉਪਾਅ ਦੀ ਲੋੜ ਹੈ ਉਥੇ ਦੂਜੇ ਪਾਸੇ ਇਸ ਮਹਾਂਮਾਰੀ ਦੇ ਫੈਲਣ ਕਾਰਨ ਹੋਣ ਵਾਲੀ ਆਰਥਿਕ ਤੰਗੀ ਅਤੇ ਇਸ ਨਾਲ ਪੈਦਾ ਹੋਈਆਂ ਔਕੜਾਂ ਨੂੰ ਵੀ ਦੂਰ ਕਰਨ ਦੀ ਲੋੜ ਹੈ। ਅਮਰਿੰਦਰ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਅਤੇ ਮੁੱਖ ਸਕੱਤਰ ਰਾਹੀਂ ਕੈਬਨਿਟ ਸਕੱਤਰ ਨਾਲ ਲਗਾਤਾਰ ਮਿਲ ਕੇ ਕੰਮ ਕਰ ਰਹੀ ਹੈ ਅਤੇ ਸੂਬਾ ਸਰਕਾਰ ਦੇ ਸੀਨੀਅਰ ਅਧਿਕਾਰੀ ਰੋਜ਼ਾਨਾ ਸਾਰੇ ਮਾਮਲਿਆਂ ਦੀ ਸਮੀਖਿਆ ਕਰਦੇ ਹਨ ਅਤੇ ਕੋਵਿਡ-19 ਪ੍ਰਬੰਧਨ ਅਤੇ ਰੋਕਥਾਮ ਲਈ ਸਾਰੇ ਕਦਮ ਚੁੱਕੇ ਜਾ ਰਹੇ ਹਨ।



ਮੁੱਖ ਮੰਤਰੀ ਨੇ ਕਿਹਾ ਕਿ ਤੁਸੀਂ ਇਸ ਗੱਲ ਦਾ ਭਲੀਭਾਂਤੀ ਸਮਰਥਨ ਕਰਦੇ ਹੋਵੋਗੇ ਕਿ ਇਸ ਮਹਾਂਮਾਰੀ ਨਾਲ ਲੜਨ ਲਈ ਵੱਡੇ ਸਰੋਤਾਂ ਦੀ ਲੋੜ ਹੈ, ਖਾਸ ਕਰ ਕੇ ਲੌਕਡਾਊਨ ਕਰ ਕੇ ਅਤੇ ਜਿਵੇਂ ਲੱਗਦਾ ਹੈ ਕਿ ਇਹ ਲੰਬਾਂ ਖਿੱਚਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਉਹ ਕੇਂਦਰੀ ਵਿੱਤ ਮੰਤਰੀ ਨਾਲ ਵੀ ਗੱਲ ਕਰ ਚੁੱਕੇ ਹਨ ਅਤੇ ਪੰਜਾਬ ਦੀ ਮੰਗ ਅਤੇ ਕੌਮੀ ਪੱਧਰ ’ਤੇ ਸੰਦਰਭ ’ਚ ਕੁਝ ਸੁਝਾਅ ਦਿੰਦੇ ਹੋਏ ਲਿਖ ਵੀ ਚੁੱਕੇ ਹਨ। ਕੇਂਦਰ ਦਾ ਫੌਰੀ ਧਿਆਨ ਮੰਗਦੇ ਬਕਾਇਆ ਮਸਲਿਆਂ ਦੀ ਵਿਸਥਾਰਤ ਸੂਚੀ ਨੂੰ ਪੱਤਰ ਨਾਲ ਭੇਜਿਆ ਗਿਆ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਜੁਲਾਈ 2017 ਤੋਂ ਸੂਬਾ ਸਰਕਾਰ ਦਾ ਜੀ.ਐਸ.ਟੀ. ਬਕਾਇਆ ਖੜ੍ਹਾ ਹੈ ਜੋ 6752.83 ਕਰੋੜ ਰੁਪਏ ਬਣਦਾ ਹੈ। ਉਨ੍ਹਾਂ ਨੇ ਕੇਂਦਰੀ ਵਿੱਤ ਮੰਤਰੀ ਨੂੰ ਇਹ ਬਕਾਇਆ ਜਾਰੀ ਕਰਨ ਲਈ ਤੁਰੰਤ ਕਾਰਵਾਈ ਕਰਨ ਦੀ ਅਪੀਲ ਕੀਤੀ। ਇਸੇ ਦੇ ਨਾਲ ਹੀ ਮੁੱਖ ਮੰਤਰੀ ਨੇ ਕੇਂਦਰੀ ਮੰਤਰੀ ਪਾਸੋਂ ਐਫ.ਆਰ.ਬੀ.ਐਮ. ਐਕਟ ਤਹਿਤ ਉਧਾਰ ਲੈਣ ਦੀ ਸੀਮਾ ਤਿੰਨ ਫੀਸਦੀ ਤੋਂ ਵਧਾ ਕੇ ਚਾਰ ਫੀਸਦੀ ਕਰਨ, ਵਪਾਰਕ ਬੈਂਕਾਂ ਵੱਲੋਂ ਉਦਯੋਗਿਕ ਕਰਜ਼ੇ ਮੁਲਤਵੀ ਕਰਨ ਅਤੇ ਵਪਾਰਕ ਬੈਂਕਾਂ ਵਲੋਂ ਖੇਤੀਬਾੜੀ/ਫਸਲੀ ਕਰਜ਼ੇ ਮੁਲਤਵੀ ਕਰਨ ਅਤੇ ਇਸ ਉਪਰ ਤਿੰਨ ਮਹੀਨੇ ਵਿਆਜ ਦੀ ਛੋਟ ਦੇਣ ਦੀ ਮੰਗ ਕੀਤੀ ਹੈ।

ਵਿੱਤ ਮੰਤਰਾਲੇ ਵਲੋਂ ਸੁਲਝਾਏ ਜਾਣ ਵਾਲੇ ਹੋਰ ਮਾਮਲਿਆਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਸ਼ਹਿਰੀ ਸਥਾਨਕ ਇਕਾਈਆਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਗਰੀਬਾਂ ਲਈ ਖੁਰਾਕ ਤੇ ਦਵਾਈਆਂ ਸਮੇਤ ਹੰਗਾਮੀ ਰਾਹਤ ਲਈ 14ਵੇਂ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ ਵਰਤਣ ਦੀ ਆਗਿਆ ਦੇਣ ਦੇ ਨਾਲ-ਨਾਲ ਕੋਵਿਡ-19 ਵਿਰੁੱਧ ਜੰਗ ’ਚ ਸੀ.ਐਸ.ਐਸ. ਅਧੀਨ 25 ਫੀਸਦੀ ਫਲੈਕਸੀ ਫੰਡ ਵਰਤਣ ਅਤੇ ਇਸ ਨੂੰ 50 ਫੀਸਦੀ ਤੱਕ ਵਧਾਉਣ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਨੇ ਕੋਵਿਡ-19 ਵਿਰੁੱਧ ਮੈਦਾਨ ’ਚ ਡਟੇ ਪੁਲਸ ਮੁਲਾਜ਼ਮਾਂ ਅਤੇ ਸਫ਼ਾਈ ਕਾਮਿਆਂ ਦੇ ਵਿਸ਼ੇਸ਼ ਜੋਖਮ ਬੀਮੇ ਲਈ ਸੂਬੇ ਦੀ ਮੰਗ ਨੂੰ ਦੁਹਰਾਉਂਦਿਆਂ ਕੇਂਦਰ ਮੰਤਰਾਲੇ ਨੂੰ ਇਸ ਮਾਮਲੇ ਪ੍ਰਤੀ ਫੌਰੀ ਧਿਆਨ ਦੇਣ ਲਈ ਆਖਿਆ। ਇਸੇ ਤਰ੍ਹਾਂ ਕੈ. ਅਮਰਿੰਦਰ ਸਿੰਘ ਨੇ ਪੇਂਡੂ ਖੇਤਰ ਦੇ ਗਰੀਬਾਂ ਦੀਆਂ ਮੁਸ਼ਕਲਾਂ ਘਟਾਉਣ ਲਈ ਭਾਰਤ ਸਰਕਾਰ ਦੇ ਪੇਂਡੂ ਵਿਕਾਸ ਮੰਤਰਾਲੇ ਨੂੰ ਮਗਨਰੇਗਾ ਤਹਿਤ ਤਿੰਨ ਮਹੀਨਿਆਂ ਲਈ ਪ੍ਰਤੀ ਮਹੀਨਾ 15 ਦਿਨ ਦਾ ਬੇਰੋਜ਼ਗਾਰੀ ਭੱਤਾ ਦੇਣ ਦੀ ਅਪੀਲ ਕੀਤੀ।

ਇਸ ਤੋਂ ਇਲਾਵਾ ਛੋਟੇ ਤੇ ਸੀਮਾਂਤ ਕਿਸਾਨਾਂ ਨੂੰ ਕਿਰਤ ਦੇ ਖਰਚਿਆਂ ਦੀ ਅਦਾਇਗੀ ਲਈ ਮਗਨਰੇਗਾ ਤਹਿਤ 10 ਦਿਨਾਂ ਦਾ ਭੱਤਾ ਦੇਣ ਦੀ ਵੀ ਮੰਗ ਕੀਤੀ। ਮੁੱਖ ਮੰਤਰੀ ਨੇ ਦੱਸਿਆ ਕਿ ਸੂਬਾ ਸਰਕਾਰ ਚਾਹੁੰਦੀ ਹੈ ਕਿ ਖੇਤੀਬਾੜੀ ਅਤੇ ਖੁਰਾਕ ਤੇ ਖਪਤਕਾਰ ਮਾਮਲਿਆਂ ਬਾਰੇ ਮੰਤਰਾਲਿਆਂ ਵਲੋਂ ਕਣਕ ਦੇ ਉਤਪਾਦਨ ਦੀ ਦੇਰੀ ਨਾਲ ਖਰੀਦ ਲਈ ਕਿਸਾਨਾਂ ਨੂੰ ਬੋਨਸ ਦੇ ਰੂਪ ’ਚ ਮੁਆਵਜ਼ੇ ਦਾ ਫੌਰੀ ਐਲਾਨ ਕੀਤਾ ਜਾਵੇ ਤਾਂ ਕਿ ਮੰਡੀਆਂ ’ਚ ਭੀੜ-ਭੜੱਕੇ ਨੂੰ ਰੋਕਿਆ ਜਾ ਸਕੇ। ਅਮਰਿੰਦਰ ਨੇ ਕਾਰਪੋਰੇਟ ਮਾਮਲਿਆਂ ਬਾਰੇ ਮੰਤਰਾਲੇ ਵਲੋਂ ਪ੍ਰਧਾਨ ਮੰਤਰੀ ਰਾਹਤ ਫੰਡ ਦੀ ਤਰਜ਼ ’ਤੇ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀ.ਐਸ.ਆਰ.) ਤਹਿਤ ਯੋਗਤਾ ਦੇ ਆਧਾਰ ’ਤੇ ਮੁੱਖ ਮੰਤਰੀ ਰਾਹਤ ਫੰਡ ’ਚ ਯੋਗਦਾਨ ਪਾਉਣ ਦੇਣ ਦੀ ਆਗਿਆ ਦੇਣ ਦੀ ਮੰਗ ਨੂੰ ਵੀ ਦੁਹਰਾਇਆ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਨਿੱਝਰਾਂ ਕਤਲ ਕਾਂਡ ਅਤੇ ਸ਼ੱਕੀ ਜ਼ਬਰ ਜਨਾਹ ਮਾਮਲੇ ’ਚ ਐਸ.ਸੀ ਕਮਿਸ਼ਨ ਵਲੋਂ ਮੈਡੀਕਲ ਬੋਰਡ ਰਾਹੀਂ ਪੋਸਟ ਮਾਰਟਮ ਕਰਵਾ ਕੇ ਰਿਪੋਰਟ ਪੇਸ਼ ਕਰਨ ਦੇ ਹੁਕਮ

### -ਐਸ.ਐਸ.ਪੀ. ਜਲੰਧਰ (ਦਿਹਾਤੀ) ਤੋਂ ਇਕ ਹਫ਼ਤੇ ’ਚ ਰਿਪੋਰਟ ਤਲਬ

ਚੰਡੀਗੜ੍ਹ, 6 ਮਾਰਚ (ਪੋਸਟ ਬਿਊਰੋ)- ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਵਲੋਂ ਦਲਿਤ ਮਹਿਲਾ ਦੇ ਕਤਲ ਅਤੇ ਸ਼ੱਕੀ ਜਬਰ ਜਨਾਹ ਮਾਮਲੇ ’ਚ ਐਸ.ਐਸ.ਪੀ. ਜਲੰਧਰ (ਦਿਹਾਤੀ) ਨੂੰ ਹੁਕਮ ਕੀਤੇ ਹਨ ਕਿ ਇਕ ਹਫਤੇ ’ਚ ਮੈਡੀਕਲ ਬੋਰਡ ਵਲੋਂ ਕੀਤੇ ਗਏ ਪੋਸਟ ਮਾਰਟਮ ਦੀ ਰਿਪੋਰਟ ਪੇਸ਼ ਕਰਨ। ਇਸ ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੀ ਚੇਅਰਪਰਸਨ ਤੇਜਿੰਦਰ ਕੌਰ (ਸੇਵਾ ਮੁਕਤ ਆਈ.ਏ.ਐਸ.) ਨੇ ਦੱਸਿਆ ਬੀਤੇ ਕੱਲ੍ਹ ਜਲੰਧਰ ਨਜਦੀਕ ਸਥਿਤ ਪਿੰਡ ਨਿੱਝਰਾਂ ’ਚ ਵਾਪਰਿਆ ਇਹ ਕਾਂਡ ਕਮਿਸ਼ਨ ਦੇ ਧਿਆਨ ਆਇਆ ਸੀ। ਉਨ੍ਹਾਂ ਦੱਸਿਆ ਕਿ ਕਮਿਸ਼ਨ ਦੇ ਮੈਂਬਰ ਗਿਆਨ ਚੰਦ ਦੀਵਾਲੀ ਅਤੇ ਪ੍ਰਭਦਿਆਲ ਨੂੰ ਪੀੜਤ ਪਰਿਵਾਰ ਨਾਲ ਮਿਲ ਕੇ ਕਮਿਸ਼ਨ ਵਲੋਂ ਹਰ ਸੰਭਵ ਮਦਦ ਦਾ ਭਰੋਸਾ ਦਿਵਾਉਣ ਲਈ ਭੇਜਿਆ ਗਿਆ ਹੈ।

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

BEST CANADIAN TRUCK & FORKLIFT TRAINING CENTRE
BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

# ਅਰਥ ਵਿਵਸਥਾ ਨੂੰ ਕੋਰੋਨਾ ਦਾ ਕਹਿਰ ਵੱਡਾ ਝਟਕਾ ਲਾਏਗਾ

-ਆਕਾਰ ਪਟੇਲ-

ਪਿਛਲੇ ਦਿਨ ਮੈਂ ਆਪਣੇ ਬੰਗਲੌਰ ਦੇ ਇੱਕ ਦੋਸਤ ਨਾਲ ਗੱਲ ਰਿਹਾ ਸੀ, ਜਿਸ ਨੇ ਆਪਣੀ ਜ਼ਿੰਦਗੀ ਦਾ ਵਧੇਰੇ ਸਮਾਂ ਅਮਰੀਕਾ 'ਚ ਗੁਜ਼ਾਰਿਆ ਹੈ। ਉਹ ਇੱਕ ਸਾਫਟਵੇਅਰ ਕੰਪਨੀ 'ਚ ਕੰਮ ਕਰਦਾ ਹੈ ਤੇ ਉਸ ਨੂੰ ਸਾਲ 'ਚ ਤਿੰਨ ਵਾਰ ਕੰਮ ਦੇ ਸੰਬੰਧ ਵਿੱਚ ਭਾਰਤ ਆਉਣਾ ਪੈਂਦਾ ਹੈ। ਮੈਂ ਉਸ ਨੂੰ ਲੰਬੇ ਸਮੇਂ ਤੋਂ ਜਾਣਦਾ ਹਾਂ ਤੇ ਉਹ ਨਿਯਮਿਤ ਤੌਰ 'ਤੇ ਇਥੇ ਆਉਂਦਾ ਰਹਿੰਦਾ ਹੈ। ਉਹ ਕੰਮ ਦੇ ਮਾਮਲੇ ਵਿੱਚ ਹਰ ਸਾਲ ਘੱਟ ਤੋਂ ਘੱਟ 60 ਦਿਨ ਭਾਰਤ 'ਚ ਗੁਜ਼ਾਰਦਾ ਹੈ।

ਅਗਲੇ ਮਹੀਨੇ ਉਹ ਬੰਗਲੌਰ ਨਹੀਂ ਆ ਸਕੇਗਾ ਤੇ ਉਸ ਨੂੰ ਇਹ ਵੀ ਨਹੀਂ ਪਤਾ ਕਿ ਅਗਲੀ ਵਾਰ ਉਸ ਨੂੰ ਕਦੋਂ ਭੇਜਿਆ ਜਾਵੇਗਾ। ਕੰਪਨੀਆਂ ਅਤੇ ਕਾਰੋਬਾਰੀ, ਖਾਸ ਕਰ ਕੇ ਅਮਰੀਕਾ ਅਤੇ ਯੂਰਪ 'ਚ ਸਥਾਪਤ ਫਰਮਾਂ ਜਲਦੀ ਕੀਤੇ ਆਪਣੇ ਮੁਲਾਜ਼ਮਾਂ ਨੂੰ ਖਤਰੇ 'ਚ ਨਹੀਂ ਪਾਉਣਗੇ। ਉਨ੍ਹਾਂ ਦੇ ਅਜਿਹੇ ਕਾਨੂੰਨ ਹਨ, ਜਿਨ੍ਹਾਂ ਨੂੰ ਲੋਕ, ਜੇ ਉਨ੍ਹਾਂ ਨੂੰ ਜਾਪਦਾ ਹੈ ਕਿ ਫਰਮ ਵੱਲੋਂ ਉਨ੍ਹਾਂ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾਇਆ ਜਾ ਰਿਹਾ ਹੈ ਤਾਂ ਇਨ੍ਹਾਂ ਕਾਨੂੰਨਾਂ ਨੂੰ ਨਿੱਜੀ ਤੌਰ 'ਤੇ ਵਰਤ ਸਕਦੇ ਹਨ। ਜਦੋਂ ਤੱਕ ਕੋਰੋਨਾ ਦੀ ਵੈਕਸੀਨ ਦੀ ਖੋਜ ਨਹੀਂ ਹੋ ਜਾਂਦੀ, ਉਦੋਂ ਤੱਕ ਬੇਯਕੀਨੀ ਬਣੀ ਰਹੇਗੀ।


ਬੇਸ਼ੱਕ ਏਅਰਲਾਈਨਜ਼ 'ਤੇ ਇਸ ਦਾ ਪ੍ਰਭਾਵ ਪਵੇਗਾ। ਲਗਭਗ ਸਾਰੀ ਦੁਨੀਆ ਵਿੱਚ ਅੰਤਰਰਾਸ਼ਟਰੀ ਯਾਤਰਾਵਾਂ 'ਤੇ ਪਾਬੰਦੀ ਲੱਗ ਚੁੱਕੀ ਹੈ। ਯੂਰਪੀਅਨ ਲੋਕ ਅਮਰੀਕਾ ਨਹੀਂ ਜਾ ਸਕਦੇ ਅਤੇ ਅਮਰੀਕੀ ਯੂਰਪ ਨਹੀਂ ਜਾ ਸਕਦੇ। ਭਾਰਤ 'ਚ ਯਾਤਰੀ ਉਡਾਣਾਂ ਬੰਦ ਹਨ। ਅਪ੍ਰੈਲ ਦੇ ਮੱਧ 'ਚ ਲਾਕਡਾਊਨ ਮੁੱਕਣ ਤੋਂ ਬਾਅਦ ਵੀ ਕੰਮ ਦੇ ਸਿਲਸਿਲੇ 'ਚ ਘਰੇਲੂ ਉਡਾਣਾਂ ਦੀ ਸੁਵਿਧਾ ਲੈਣ ਵਾਲੇ ਯਾਤਰੀਆਂ ਦੀ ਗਿਣਤੀ ਕਾਫੀ ਘੱਟ ਰਹੇਗੀ ਅਤੇ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਹਰ ਮਹੀਨੇ ਆਵਾਜਾਈ ਘੱਟ ਹੀ ਰਹੇਗੀ।

ਇਸ ਦੌਰਾਨ ਵੱਡਾ ਸਵਾਲ ਹੈ ਕਿ ਬਹੁਤ ਘੱਟ ਲਾਭ 'ਤੇ ਅਤੇ ਹੋਰ ਕਈ ਵਾਰ ਘਾਟਾ ਉਠਾ ਕੇ ਚੱਲਣ ਵਾਲੀਆਂ ਏਅਰਲਾਈਨਜ਼ ਇਸ ਸਥਿਤੀ ਵਿੱਚ ਖੁਦ ਨੂੰ ਕਿਵੇਂ ਸੰਭਾਲ ਸਕਣਗੀਆਂ? ਉਹ ਅਜਿਹਾ ਕਰਨ ਜੋਗੀਆਂ ਨਹੀਂ ਹੋਣਗੀਆਂ ਅਤੇ ਸਰਕਾਰ ਨੂੰ ਵੀ ਫੈਸਲਾ ਲੈਣਾ ਹੋਵੇਗਾ ਕਿ ਉਨ੍ਹਾਂ ਨੂੰ ਇਸ ਸਥਿਤੀ 'ਚੋਂ ਬਾਹਰ ਕੱਢੇ (ਭਾਵ ਏਅਰ ਪਲਾਨ ਲੀਜ਼ ਅਤੇ ਪਾਇਲਟ ਤੇ ਚਾਲਕ ਦਲ ਦੀ ਤਨਖਾਹ 'ਤੇ ਟੈਕਸਦਾਤਾ ਦਾ ਪੈਸਾ ਖਰਚ ਕੀਤਾ ਜਾਵੇ) ਉਨ੍ਹਾਂ ਨੂੰ ਬਰਬਾਦ ਹੋਣ ਲਈ ਛੱਡ ਦਿੱਤਾ ਜਾਵੇ। ਕੁਝ ਸਮਾਂ ਪਹਿਲਾਂ ਤੱਕ ਜਿੱਥੇ ਇਹ ਸਥਿਤੀ ਸੀ ਕਿ ਭਾਰਤ ਜਨਤਕ ਖੇਤਰ ਦੀ ਕੰਪਨੀ ਏਅਰ ਇੰਡੀਆ ਨੂੰ ਵੇਚਣ 'ਤੇ ਵਿਚਾਰ ਕਰ ਰਿਹਾ ਸੀ, ਉਥੇ ਅੱਜ ਸਥਿਤੀ ਇਹ ਹੈ ਕਿ ਸਰਕਾਰ ਨੂੰ ਕੁਝ ਤਾਂ ਕੀ, ਸਾਰੀਆਂ ਏਅਰਲਾਈਨਜ਼ ਵਿੱਚ ਹਿੱਸੇਦਾਰੀ ਖਰੀਦਣੀ ਪੈ ਸਕਦੀ ਹੈ। ਸੈਰ ਸਪਾਟਾ ਦੇ ਖੇਤਰ ਵਿੱਚ ਦੁਨੀਆ ਦੀ 10 ਫੀਸਦੀ ਆਬਾਦੀ ਨੂੰ ਰੋਜ਼ਗਾਰ ਮਿਲਦਾ ਹੈ। ਮੇਰਾ ਦੋਸਤ ਬੰਗਲੌਰ 'ਚ ਇੱਕ ਹੋਟਲ 'ਚ ਰੁਕਦਾ ਹੈ ਅਤੇ ਭਵਿੱਖ ਵਿੱਚ ਉਸ ਹੋਟਲ ਨੂੰ ਕਾਰੋਬਾਰੀ ਮੁਸਾਫਰਾਂ ਤੋਂ ਹੋਣ ਵਾਲੀ ਆਮਦਨ ਨਹੀਂ ਹੋ ਸਕੇਗੀ। ਅਗਲੇ ਮਹੀਨਿਆਂ ਵਿੱਚ ਰੈਸਟੋਰੈਂਟਸ ਨੂੰ ਭਾਰੀ ਨੁਕਸਾਨ ਝੱਲਣਾ ਪਵੇਗਾ ਕਿਉਂਕਿ ਲੋਕ ਬਹੁਤਾ ਸਮਾਂ ਘਰ 'ਚ ਰਹਿਣਗੇ ਅਤੇ ਬਹੁਤ ਜ਼ਰੂਰੀ ਹੋਣ 'ਤੇ ਹੀ ਬਾਹਰ ਨਿਕਲਣਗੇ। ਇਸ ਤਰ੍ਹਾਂ ਮਾਲਜ਼ ਅਤੇ ਸਿਨੇਮਾ ਹਾਲਜ਼ ਤੇ ਉਨ੍ਹਾਂ ਸਾਰੇ ਖੇਤਰਾਂ ਨੂੰ ਆਰਥਿਕ ਤੌਰ 'ਤੇ ਭਾਰੀ ਨੁਕਸਾਨ ਝੱਲਣਾ ਪਵੇਗਾ, ਜਿੱਥੇ ਲੋਕਾਂ ਦੀ ਭੀੜ ਜੁਟਣ ਨਾਲ ਮਾਲੀਆ ਆਉਂਦਾ ਸੀ। ਇਨ੍ਹਾਂ ਹਾਲਾਤ ਦਾ ਸਾਹਮਣਾ ਅਸੀਂ ਕਿਵੇਂ ਕਰਾਂਗੇ ਅਤੇ ਸਾਡੀ ਅਰਥਵਿਵਸਥਾ ਦੀ ਤਸਵੀਰ ਕਿਹੋ ਜਿਹੀ ਹੋਣ ਵਾਲੀ ਹੈ, ਇਸ ਗੱਲ ਦਾ ਪਤਾ ਆਉਣ ਵਾਲੇ ਸਮੇਂ ਵਿੱਚ ਹੀ ਲੱਗੇਗਾ।

ਐਚ ਡੀ ਐਫ ਸੀ ਬੈਂਕ ਦੇ ਮੁੱਖ ਅਰਥ ਸ਼ਾਸਤਰੀ ਨੇ ਇਸ ਹਫਤੇ ਲਿਖਿਆ ਹੈ ਕਿ ਕੋਵਿਡ-19 ਨਾਲ ਭਾਰਤੀ ਅਰਥ ਵਿਵਸਥਾ ਨੂੰ 7.5 ਲੱਖ ਕਰੋੜ ਰੁਪਏ ਦਾ ਨੁਕਸਾਨ ਹੋਵੇਗਾ। ਇਹ ਭਾਰਤ ਵੱਲੋਂ ਰੱਖਿਆ ਗਿਆ ਸਾਰੀਆਂ ਕੇਂਦਰੀ ਯੋਜਨਾਵਾਂ (ਮਨਰੇਗਾ, ਸਿਖਿਆ, ਸਿਹਤ, ਪੀ ਐੱਮ ਆਵਾਸ, ਸਮਾਰਟ ਸਿਟੀਜ਼, ਸਵੱਛ ਭਾਰਤ, ਮਿਡ-ਡੇ ਮੀਲ, ਪੀਣ ਵਾਲਾ ਪਾਣੀ, ਸਿੰਚਾਈ ਆਦਿ) 'ਤੇ ਕੀਤੇ ਜਾਣ ਵਾਲੇ ਖਰਚ ਦੇ ਬਰਾਬਰ ਹੋਵੇਗਾ। ਇਸ ਦਾ ਅਰਥ ਇਹ ਹੈ ਕਿ ਜਾਂ ਅਸੀਂ ਇਨ੍ਹਾਂ ਸਾਰੀਆਂ ਚੀਜ਼ਾਂ 'ਤੇ ਕੋਈ ਖਰਚ ਨਾ ਕਰੀਏ (ਜੋ ਮੁਮਕਿਨ ਨਹੀਂ) ਜਾਂ ਸਾਨੂੰ ਵਾਧੂ ਕਰੰਸੀ ਛਾਪਣੀ ਹੋਵੇਗੀ ਤਾਂ ਕਿ ਇਹ ਸਭ ਖਰਚ ਕੀਤਾ ਜਾ ਸਕੇ।

ਅਜਿਹੇ ਕਿਸੇ ਵੀ ਖੇਤਰ ਦੀ ਕਲਪਨਾ ਕਰਨਾ ਔਖਾ ਹੈ, ਜਿਸ 'ਤੇ ਇਸ ਸਿਹਤ ਸੰਕਟ, ਲਾਕਡਾਊਨ ਤੇ ਇਸ ਤੋਂ ਬਾਅਦ ਦੀ ਸਥਿਤੀ 'ਤੇ ਅਸਰ ਪਵੇਗਾ। ਮਾਰਚ ਮਹੀਨੇ ਵਿੱਚ ਮਾਰਚ 2019 ਦੇ ਮੁਕਾਬਲੇ ਕਾਰਾਂ ਅਤੇ ਆਟੋਮੋਬਾਈਲ ਦੀ ਵਿਕਰੀ ਵਿੱਚ ਪੰਜਾਹ ਫੀਸਦੀ ਕਮੀ ਆਈ ਹੈ। ਇਸ ਮਹੀਨੇ ਲਾਕਡਾਊਨ ਸਿਰਫ ਅੱਠ ਦਿਨ ਰਿਹਾ। ਅਪ੍ਰੈਲ ਵਿੱਚ ਸਥਿਤੀ ਹੋਰ ਖਰਾਬ ਹੋ ਗਈ, ਕਿਉਂਕਿ ਅੱਧਾ ਮਹੀਨਾ ਲਾਕਡਾਊਨ ਵਿੱਚ ਬੀਤੇਗਾ। ਅਪ੍ਰੈਲ 2019 ਦੇ ਮੁਕਾਬਲੇ ਇਸ ਮਹੀਨੇ ਊਰਜਾ ਖਪਤ 25 ਫੀਸਦੀ ਘੱਟ ਰਹੀ, ਅਜਿਹਾ ਫੈਕਟਰੀਆਂ ਦੇ ਬੰਦ ਹੋਣ ਕਾਰਨ ਹੋਇਆ ਹੈ ਅਤੇ ਉਨ੍ਹਾਂ 'ਚ ਤਿੰਨ ਹਫਤੇ ਤੱਕ ਆਊਟਪੁਟ ਨਹੀਂ ਹੋਵੇਗਾ। ਉਸ ਤੋਂ ਬਾਅਦ ਉਹ ਉਮੀਦ ਕਰ ਸਕਦੇ ਹਨ ਕਿ ਉਨ੍ਹਾਂ ਦੀ ਲੇਬਰ ਪਿੰਡਾਂ ਵਿੱਚੋਂ ਪਰਤ ਆਵੇਗੀ, ਜੋ ਜਲਦੀ ਹੋਣ ਵਾਲਾ ਨਹੀਂ ਹੈ। ਇਨ੍ਹਾਂ ਹਾਲਾਤ ਨਾਲ ਭਾਰਤੀ ਜੀ ਡੀ ਪੀ ਨੂੰ ਹੋਣ ਵਾਲੇ ਨੁਕਸਾਨ ਬਾਰੇ ਤਿੰਨ ਤਰ੍ਹਾਂ ਦੇ ਅੰਦਾਜ਼ੇ ਹਨ। ਇਸ ਅਨੁਸਾਰ ਜੀ ਡੀ ਪੀ ਵਿਕਾਸ ਦਰ ਨੂੰ ਦੋ ਤੋਂ ਚਾਰ ਅੰਕਾਂ ਦੇ ਨੁਕਸਾਨ ਦਾ ਡਰ ਹੈ। ਸੱਚ ਇਹ ਹੈ ਕਿ ਇਸ ਸਮੇਂ ਕੋਈ ਨਹੀਂ ਜਾਣਦਾ ਕਿ ਅਪ੍ਰੈਲ ਤੇ ਮਈ ਵਿੱਚ ਕੀ ਹੋਣਾ ਹੈ। ਉਸੇ ਤਰ੍ਹਾਂ ਜਿਵੇਂ ਕੋਰੋਨਾ ਬਾਰੇ ਖਬਰਾਂ ਆਉਣ ਦੇ ਬਾਵਜੂਦ ਫਰਵਰੀ ਵਿੱਚ ਇਸ ਗੱਲ ਦਾ ਕੋਈ ਅੰਦਾਜ਼ਾ ਨਹੀਂ ਸੀ ਕਿ ਮਾਰਚ 'ਚ ਕੀ ਵਾਪਰਨ ਵਾਲਾ ਹੈ।

2020 ਦੇ ਪੂਰੇ ਸਾਲ ਉਤੇ ਅਤੇ ਸ਼ਾਇਦ ਉਸ ਤੋਂ ਬਾਅਦ ਵੀ ਕੋਵਿਡ-19 ਦਾ ਅਸਰ ਬਰਕਰਾਰ ਰਹੇਗਾ ਅਤੇ ਇਸ ਦੇ ਥੋੜ੍ਹ ਚਿਰੇ ਅਤੇ ਲੰਬੇ ਨਤੀਜੇ ਹੋਣਗੇ। ਥੋੜ੍ਹ ਚਿਰੇ ਦੇ ਪ੍ਰਭਾਵ, ਜਿਨ੍ਹਾਂ ਦਾ ਅਸੀਂ ਉਪਰ ਵਰਣਨ ਕੀਤਾ ਹੈ, ਤੁਰੰਤ ਅਤੇ ਸਪੱਸ਼ਟ ਹੋਣਗੇ, ਪਰ ਇਸ ਤੋਂ ਇਲਾਵਾ ਹੋਰ ਵੀ ਪ੍ਰਭਾਵ ਹੋਣਗੇ, ਜੋ ਵਿਸ਼ੇਸ਼ ਤੌਰ 'ਤੇ ਗਲੋਬਲ ਅਰਥਵਿਵਸਥਾ 'ਤੇ ਹੋਣਗੇ। ਉਨ੍ਹਾਂ ਦਾ ਅਸਰ ਪੀੜ੍ਹੀਆਂ ਤੱਕ ਰਹਿ ਸਕਦਾ ਹੈ ਕਿਉਂਕਿ ਇਸ ਸਮੇਂ ਅਸੀਂ ਸਿਹਤ ਸੰਕਟ ਨਾਲ ਜੂਝ ਰਹੇ ਹਾਂ, ਇਸ ਲਈ ਫਿਲਹਾਲ ਇਸ ਦੀ ਚਰਚਾ ਨਹੀਂ ਹੋਵੇਗੀ, ਪਰ ਇਹ ਜਲਦ ਹੀ ਸ਼ੁਰੂ ਹੋ ਜਾਵੇਗੀ। ਲਾਕਡਾਊਨ ਖਤਮ ਹੋਣ ਤੋਂ ਬਾਅਦ ਵੀ ਪ੍ਰਧਾਨ ਮੰਤਰੀ ਅਤੇ ਦੇਸ਼ ਲਈ ਬਹੁਤ ਮੁਸ਼ਕਲ ਕੰਮ ਹੋਵੇਗਾ।




# ਸਬਕ ਸਿਖਾਉਣ ਵਾਲੀ ਮਹਾਮਾਰੀ

-ਡਾ. ਅਸ਼ਵਨੀ ਕੁਮਾਰ-

ਜਦ ਮੌਜੂਦਾ ਸਮੇਂ ਪੂਰੀ ਮਨੁੱਖਤਾ ਇੱਕ ਆਫ਼ਤ ਨਾਲ ਜੂਝ ਰਹੀ ਹੈ, ਉਦੋਂ ਉਸ ਨਾਲ ਜੁੜੇ ਸਬਕ ਦਰਜ ਕਰਨ ਦੀ ਕੋਸ਼ਿਸ਼ ਵਿੱਚ ਮੇਰਾ ਧਿਆਨ ਪਹਿਲਾਂ ਕੁਦਰਤ ਦੇ ਅੱਗੇ ਮਨੁੱਖ ਦੇ ਤੁੱਛ ਹੋਣ ਵੱਲ ਜਾਂਦਾ ਹੈ। ਜਦ ਮਨੁੱਖ ਨੇ ਧਰਤੀ 'ਤੇ ਆਪਣੀ ਪੈਠ ਬਣਾਉਣ ਦਾ ਦਾਅਵਾ ਕੀਤਾ, ਉਦੋਂ ਕੁਦਰਤ ਨੇ ਦਖ਼ਲ ਕੇ ਉਸ ਨੂੰ ਉਸ ਦੀ ਹੈਸੀਅਤ ਦਿਖਾ ਦਿੱਤੀ। ਕੋਰੋਨਾ ਵਾਇਰਸ ਵਿਰੁੱਧ ਸਾਡੀ ਸਮੂਹਿਕ ਅਸਮਰੱਥਾ ਨੇ ਵੀ ਮਨੁੱਖੀ ਸਮਰੱਥਾਵਾਂ ਦੀਆਂ ਹੱਦਾਂ ਨੂੰ ਲੈ ਕੇ ਵੱਡੀਆਂ-ਵੱਡੀਆਂ ਦੰਭੀ ਧਾਰਨਾਵਾਂ ਦੀ ਪੋਲ ਖੋਲ੍ਹ ਦਿੱਤੀ ਹੈ। ਇਸ ਵਾਇਰਸ ਤੋਂ ਉਪਜੀ ਮਹਾਮਾਰੀ ਦਾ ਸਭ ਤੋਂ ਵੱਡਾ ਸਬਕ ਇਹ ਹੈ ਕਿ ਕੁਦਰਤ ਦੇ ਅੱਗੇ ਮਨੁੱਖ ਲਾਚਾਰ ਹੈ ਅਤੇ ਜਦ ਕੁਦਰਤ ਆਈ ਉੱਤੇ ਆਉਂਦੀ ਹੈ ਤਾਂ ਉਸ ਵਿੱਚ ਮਨੁੱਖ ਜਾਤੀ ਲਈ ਸਬਕ ਹੁੰਦਾ ਹੈ। ਸੁਰੱਖਿਆ ਅਤੇ ਤਰੱਕੀ ਵਾਸਤੇ ਜਿਸ ਸਥਿਰ ਸਮਾਜ ਤੇ ਭਵਿੱਖ ਬਾਰੇ ਬੇਫਿਕਰੀ ਇੱਕ ਜ਼ਰੂਰੀ ਸ਼ਰਤ ਹੁੰਦੀ ਹੈ, ਉਸ ਦੇ ਲਈ ਵੀ ਕੋਵਿਡ-19 ਇੱਕ ਹੋਰ ਵੱਡਾ ਸਬਕ ਹੈ।

ਇਸ ਮਹਾਮਾਰੀ ਕਾਰਨ ਜਿਸ ਤੇਜ਼ੀ ਨਾਲ ਵਿਸ਼ਵ ਪੱਧਰ 'ਤੇ ਪੁਆੜਾ ਪਿਆ ਹੈ ਉਸ ਨੇ ਵਿਸ਼ਵ ਪੱਧਰੀ ਵਿਵਸਥਾ ਦੀ ਬੁਨਿਆਦ ਬਾਰੇ ਸਵਾਲ ਖੜ੍ਹੇ ਕਰ ਦਿੱਤੇ ਹਨ। ਬਿਲਕੁਲ ਉਸੇ ਤਰ੍ਹਾਂ ਜਿਵੇਂ ਅਸੀਂ ਕੁਦਰਤ ਦੀ ਵਿਵਸਥਾ ਵਿੱਚ ਪੌਣ-ਪਾਣੀ ਸੰਤੁਲਨ ਦੀਆਂ ਉਨ੍ਹਾਂ ਜ਼ਰੂਰਤਾਂ ਨੂੰ ਯਾਦ ਕਰ ਕੇ ਹਿੱਲ ਜਾਂਦੇ ਹਾਂ ਜਿਨ੍ਹਾਂ 'ਤੇ ਕੋਈ ਅਪੀਲ-ਦਲੀਲ ਨਹੀਂ ਹੋ ਸਕਦੀ। ਕੋਰੋਨਾ ਵਾਇਰਸ ਯਾਦ ਕਰਾਉਂਦਾ ਹੈ ਕਿ ਮਨੁੱਖੀ ਪੀੜ ਨੂੰ ਵੰਡਿਆ ਨਹੀਂ ਜਾ ਸਕਦਾ। ਇਹ ਸਭ 'ਤੇ ਅਸਰ ਦਿਖਾਉਂਦੀ ਹੈ ਅਤੇ ਇਸ ਨਾਲ ਸਿਰਫ਼ ਅਸੀਂ ਇਕੱਲੇ ਹੀ ਜੁੜੇ ਹੋਏ ਨਹੀਂ। ਜਿਵੇਂ ਗ਼ਰੀਬੀ ਅਤੇ ਮਾਣ-ਸਨਮਾਨ ਦਾ ਸਬੰਧ ਹੈ, ਉਸੇ ਤਰ੍ਹਾਂ ਨਿਆਂ ਅਤੇ ਸੰਵੇਦਨਾ ਵੀ ਕਿਸੇ ਸਮਾਜ ਦੀ ਗੁਣਵੱਤਾ ਨੂੰ ਦਰਸਾਉਂਦੇ ਹਨ। ਅਸੀਂ ਇਹ ਗੱਲ ਫਿਰ ਤੋਂ ਸਿੱਖੀ ਹੈ ਕਿ ਭਾਈਚਾਰਾ, ਮਨੁੱਖੀ ਨੇੜਤਾ ਤੇ ਦੋਸਤੀ ਅਜੇ ਵੀ ਕਾਇਮ ਹਨ ਤੇ ਕਿਸੇ ਸੰਕਟ ਦੇ ਸਮੇਂ ਮਨੁੱਖਤਾ ਦੀ ਕੜੀ ਹੋਰ ਮਜ਼ਬੂਤ ਹੁੰਦੀ ਹੈ। ਇਸ ਤੋਂ ਵੀ ਅਹਿਮ ਇਹ ਹੈ ਕਿ ਮਨੁੱਖਤਾ ਲਈ ਗੰਭੀਰ ਖ਼ਤਰਾ ਸਾਡੇ ਭਰੋਸੇ ਨੂੰ ਹੋਰ ਮਜ਼ਬੂਤ ਕਰਦਾ ਹੈ ਅਤੇ ਇੱਕਜੁੱਟਤਾ ਨੂੰ ਵੀ, ਖ਼ਾਸ ਤੌਰ 'ਤੇ ਉਸ ਖ਼ਤਰੇ ਵਿਰੁੱਧ ਜੋ ਲਪੇਟ ਵਿੱਚ ਲੈਣ ਲਈ ਕੋਈ ਪੱਖਪਾਤ ਨਾ ਕਰਦਾ ਹੋਵੇ।

ਜੇ ਮਨੁੱਖਤਾ ਦਾ ਭਾਵ ਪ੍ਰਭਾਵੀ ਹੋਵੇ ਤਾਂ ਕਿਸੇ ਮਹਾਮਾਰੀ ਦੇ ਵਿਰੁੱਧ ਮਹਾ-ਯੁੱਧ ਵਿੱਚ ਕੋਈ ਵੀ ਤਮਾਸ਼ਬੀਨ ਬਣ ਕੇ ਨਹੀਂ ਰਹਿ ਸਕਦਾ। ਇਹ ਤ੍ਰਾਸਦੀ ਸਾਨੂੰ ਖ਼ੁਦ ਨੂੰ ਇਹ ਸਵਾਲ ਕਰਨ ਲਈ ਮਜਬੂਰ ਕਰਦੀ ਹੈ ਕਿ ਅਸੀਂ ਜੀ ਡੀ ਪੀ ਅੰਕੜੇ ਦੀ ਧੁਨ ਵਿੱਚ ਹੀ ਲੱਗੇ ਰਹੀਏ ਜਾਂ ਸਮੁੱਚੀ ਕੌਮੀ ਪ੍ਰਸੰਨਤਾ ਦਾ ਰਾਹ ਫੜੀਏ? ਬੇਸ਼ੱਕ ਆਰਥਿਕ ਵਾਧਾ ਤੇ ਭੌਤਿਕ ਖ਼ੁਸ਼ਹਾਲੀ ਦੀ ਖ਼ੁਸ਼ੀਆਂ ਵਧਾਉਣ ਵਿੱਚ ਆਪਣੀ ਭੂਮਿਕਾ ਹੈ ਪਰ ਕੀ ਮਨੁੱਖੀ ਹਾਲਤ ਨੂੰ ਮਾਪਣ ਲਈ ਇਹੀ ਮੁੱਖ ਪੈਮਾਨਾ ਹੋਣਾ ਚਾਹੀਦਾ ਹੈ? ਵੱਡਾ ਸਵਾਲ ਹੈ ਕਿ ਜਾਣੇ ਜਾਂਦੇ ਮਨੁੱਖੀ ਇਤਿਹਾਸ ਵਿੱਚ ਭੌਤਿਕ ਤਰੱਕੀ ਤੇ ਵਿਆਪਕ ਤਕਨੀਕੀ ਬਦਲਾਅ ਸਕਦਾ ਜੋ ਕੁਝ ਹਾਸਲ ਹੋਇਆ ਹੈ, ਉਹ ਇਸ ਸੰਕਟ ਦੀ ਘੜੀ ਵਿੱਚ ਸਾਡੇ ਕਿੰਨਾ ਕੁ ਕੰਮ ਆ ਰਿਹਾ ਹੈ?

ਇਸ ਲਈ ਸਾਨੂੰ ਸਾਂਝੇ ਭਵਿੱਖ ਬਾਰੇ ਆਪਣੀ ਰਣਨੀਤੀ ਉੱਤੇ ਖ਼ਾਸ ਤੌਰ 'ਤੇ ਵਿਸ਼ਵੀਕਰਨ ਬਾਰੇ ਜ਼ਰੂਰ ਨਜ਼ਰ ਮਾਰਨੀ ਚਾਹੀਦੀ ਹੈ ਕਿ ਕੀ ਇਹੀ ਵਿਸ਼ਵ ਪੱਧਰੀ ਬਦਲਾਓ ਵਾਲੀ ਸਭ ਤੋਂ ਮੁੱਖ ਧਾਰਾ ਹੈ। ਆਰਥਿਕ, ਰਾਜਨੀਤਕ ਅਤੇ ਤਕਨੀਕੀ ਸ਼ਕਤੀ ਵਿੱਚ ਅਸਮਾਨ-ਤਾ ਵਾਲੇ ਦੇਸ਼ ਸਿਰਫ਼ ਕੌਮਾਂਤਰੀ ਵਿਵਸਥਾ ਦੀ ਸਥਾਪਨਾ ਵਿੱਚ ਬਹੁ-ਪੱਧਰੀ ਕਦਮਾਂ ਦੇ ਲਿਹਾਜ਼ ਨਾਲ ਬਰਾਬਰ ਦਾ ਯੋਗਦਾਨ ਨਹੀਂ ਦੇ ਸਕਦੇ। ਸਾਨੂੰ ਇਹ ਸਵੀਕਾਰ ਕਰਨਾ ਹੋਵੇਗਾ ਕਿ ਵਿਸ਼ਵੀਕਰਨ ਦਾ ਭਵਿੱਖ ਇਸੇ ਗੱਲ ਨਾਲ ਨਿਰਧਾਰਤ ਹੋਵੇਗਾ ਕਿ ਦੁਨੀਆ ਦੇ ਲਤਾੜੇ ਵਰਗਾਂ ਲਈ ਇਸ ਤੋਂ ਕੀ ਹਾਸਲ ਹੁੰਦਾ ਹੈ? ਜੇ ਕੁਝ ਹਾਸਲ ਹੁੰਦਾ ਹੈ ਤਾਂ ਵਿਸ਼ਵੀਕਰਨ ਬਾਰੇ ਵਾਜਬ ਪੜਤਾਲ ਇਸ ਪਹਿਲੂ 'ਤੇ ਹੋਣੀ ਚਾਹੀਦੀ ਹੈ ਕਿ ਰਾਜ-ਪ੍ਰਬੰਧ ਵਿੱਚ ਅਧਿਕਾਰਾਂ ਨੂੰ ਵਰਤਣ ਦੀ ਕੋਸ਼ਿਸ਼ ਦੌਰਾਨ ਨੈਤਿਕ ਦਬਾਅ ਸਕਦਾ ਬੇਕਾਬੂ ਹੋਈ ਵੱਡ-ਆਕਾਰੀ ਵਿਵਸਥਾ ਨੂੰ ਕਿੰਨਾ ਉਤਸ਼ਾਹ ਦਿੱਤਾ ਜਾਵੇ? ਇਸ ਦੇ ਨਾਲ ਸਾਡੇ ਸੰਵਿਧਾਨਕ ਅਦਾਰਿਆਂ ਅਤੇ ਸਾਲਾਂ ਤੋਂ ਉਨ੍ਹਾਂ ਨੂੰ ਖ਼ੁਸ਼ਹਾਲ ਕੀਤੇ ਜਾਣ ਦੀ ਉਸ ਪ੍ਰਕਿਰਿਆ ਬਾਰੇ ਵੀ ਬਹਿਸ ਸ਼ੁਰੂ ਹੋਵੇਗੀ ਜਿਸ ਵਿੱਚ ਇਨ੍ਹਾਂ ਸੰਸਥਾਵਾਂ ਨੂੰ ਸਮੇਂ ਦੇ ਨਾਲ ਹੋਰ ਖ਼ੁਸ਼ਹਾਲ ਕੀਤਾ ਗਿਆ ਤਾਂ ਜੋ ਉਦਾਰ ਜਮਹੂਰੀ ਰਾਜ-ਪ੍ਰਬੰਧ ਦੀ ਬੁਨਿਆਦ ਸੁਰੱਖਿਅਤ ਰਹੇ।

ਕੁੱਲ ਮਿਲਾ ਕੇ ਜੋ ਤ੍ਰਾਸਦੀ ਅਸੀਂ ਸਹਾਰ ਰਹੇ ਹਾਂ, ਉਹ ਸਾਨੂੰ ਮਨੁੱਖੀ ਕਲਪਨਾ ਦੀਆਂ ਹੱਦਾਂ ਨੂੰ ਚੇਤੇ ਕਰਾਉਣ ਦੇ ਨਾਲ ਇਹ ਵੀ ਦੱਸਦੀ ਹੈ ਕਿ ਜੀਵਨ ਉਸ ਤਰ੍ਹਾਂ ਨਹੀਂ ਚਲਦਾ, ਜਿਵੇਂ ਅਸੀਂ ਉਸ ਲਈ ਮਨਸੂਬੇ ਬਣਾਉਂਦੇ ਹਾਂ। ਨਿਰਾਸ਼ਾ ਅਤੇ ਅੰਦੇਸ਼ੇ ਦੇ ਇਸ ਦੌਰ ਵਿੱਚ ਦੇਸ਼ ਦਾ ਰਹਿਬਰ ਵਜੋਂ ਪ੍ਰਧਾਨ ਮੰਤਰੀ ਤੋਂ ਆਸ ਹੈ ਕਿ ਉਹ ਦੇਸ਼ ਦਾ ਮਿਜ਼ਾਜ ਸਮਝਣ ਤੇ ਉਸ ਨੂੰ ਸਹੀ ਦਿਸ਼ਾ ਦੇਣ। ਉਹ ਨਾਗਰਿਕਾਂ ਨੂੰ ਇਸ ਗੱਲ ਲਈ ਪ੍ਰੇਰਿਤ ਕਰਨ ਕਿ ਉਹ ਸਰਕਾਰ ਵੱਲੋਂ ਚੁੱਕੇ ਕਦਮਾਂ ਨੂੰ ਸਫ਼ਲ ਬਣਾਉਣ ਲਈ ਮੁਕੰਮਲ ਯੋਗਦਾਨ ਦੇਣ। ਕੋਰੋਨਾ ਦੀ ਇਨਫੈਕਸ਼ਨ ਦੇ ਪਸਾਰ ਨੂੰ ਰੋਕਣ ਲਈ ਚੁੱਕੇ ਗਏ ਕਦਮਾਂ ਦੇ ਨਾਲ ਸਰਕਾਰ ਨੇ ਉਨ੍ਹਾਂ ਲਤਾੜੇ ਲੋਕਾਂ ਲਈ ਵੀ ਭਰੋਸੇਮੰਦ ਅਤੇ ਢੁੱਕਵੇਂ ਕਦਮ ਚੁੱਕੇ ਹਨ ਜਿਨ੍ਹਾਂ ਕੋਲ ਨਾ ਕੰਮ ਹੈ ਅਤੇ ਨਾ ਖਾਣ-ਪੀਣ ਦੇ ਸਾਧਨ ਅਤੇ ਘਰ-ਬਾਰ ਨਾ ਹੋਣ ਕਾਰਨ ਭਾਵਨਾਤਮਕ ਅਸੁਰੱਖਿਆ ਦੀ ਭਾਵਨਾ ਵੀ ਹੈ। ਇਸ ਮੌਕੇ ਇਹ ਜ਼ਰੂਰੀ ਹੈ ਕਿ ਸਰਕਾਰੀ ਫ਼ੈਸਲਿਆਂ ਨੂੰ ਲਾਗੂ ਕਰਨ ਵਿੱਚ ਲੋਕਾਂ ਦੇ ਮਾਣ-ਸਨਮਾਨ ਨਾਲ ਸਮਝੌਤਾ ਨਾ ਕੀਤਾ ਜਾਵੇ। ਭੁੱਖ ਦੇ ਸਤਾਏ ਬੇਵੱਸ ਲੋਕਾਂ ਨਾਲ ਸਰਕਾਰੀ ਸਖ਼ਤੀ ਅਤੇ ਪੁਲਸੀਆ ਵਰਤਾਅ ਦੇਸ਼ ਦੀ ਆਤਮਾ ਨੂੰ ਛਾਣਨੀ ਕਰਨ ਵਾਲਾ ਹੈ।

ਆਜ਼ਾਦੀ ਤੇ ਮਾਣ-ਸਨਮਾਨ ਦਾ ਚਾਹਵਾਨ ਕੋਈ ਦੇਸ਼ ਆਪਣੇ ਨਾਗਰਿਕਾਂ ਨੂੰ ਐਂਵੇ ਨਹੀਂ ਮਰਨ ਦੇ ਸਕਦਾ। ਸਾਨੂੰ ਇਹ ਗੱਲ ਬਿਲਕੁਲ ਨਹੀਂ ਭੁੱਲਣੀ ਹੋਵੇਗੀ ਕਿ ਜ਼ਿੰਦਗੀ ਦੀ ਜਦੋਜਹਿਦ ਵਿੱਚ ਰੋਜ਼ ਉਨ੍ਹਾਂ ਦਾ ਮਾਣ-ਸਨਮਾਨ ਤਾਰ-ਤਾਰ ਕੀਤਾ ਜਾਂਦਾ ਹੈ। ਇਸ ਦਾ ਹੱਲ ਕਿਸੇ ਵੀ ਸੰਵਿਧਾਨਕ ਦੇਸ਼ ਦੇ ਅੱਗੇ ਸਖ਼ਤ ਚੁਣੌਤੀ ਹੈ। ਸਾਡੇ ਸਮੂਹਿਕ ਮਾਣ-ਸਨਮਾਨ 'ਤੇ ਹਮਲੇ ਦੀ ਕੋਈ ਵੀ ਕੋਸ਼ਿਸ਼ ਸਮੁੱਚੇ ਰਾਸ਼ਟਰ ਵਾਸਤੇ ਨਿੰਦਣਯੋਗ ਅਤੇ ਨਾਲ ਉਸ ਦੀ ਰੂਹਾਨੀ ਵਿਰਾਸਤ 'ਤੇ ਵੀ ਵਾਰ ਹੋਵ-ਗਾ। ਇਹ ਵੇਲਾ ਲੀਡਰਸ਼ਿਪ ਲਈ ਨੈਤਿਕ ਹੌਸਲੇ ਤੇ ਮਨੁੱਖੀ ਆਦਰ-ਸਤਿਕਾਰ ਦੇ ਸੱਦੇ ਦਾ ਹੈ। ਇਹ ਪ੍ਰਧਾਨ ਮੰਤਰੀ ਦੀ ਜ਼ਿੰਮੇਵਾਰੀ ਹੈ ਕਿ ਉਹ ਭਾਰਤੀ ਰਾਜ ਪ੍ਰਬੰਧ ਦੇ ਸਭ ਸੋਮਿਆਂ ਦੀ ਸੁਚੱਜੀ ਵਰਤੋਂ ਯਕੀਨੀ ਬਣਾਉਣ ਤਾਂ ਜੋ ਦੇਸ਼ ਦੇ ਸਾਰੇ ਲੋਕਾਂ ਦੇ ਜੀਵਨ ਦੀ ਰੱਖਿਆ ਪੂਰੇ ਮਾਣ-ਸਨਮਾਨ ਨਾਲ ਹੋ ਸਕੇ। ਇਸ ਦੇ ਨਾਲ ਸਾਡੇ ਸਮਾਜਿਕ ਮੇਲ-ਮਿਲਾਪ ਵਿੱਚ ਸ਼ਾਮਲ ਤਰਕਸੰਗਤ ਸੋਚ ਨੂੰ ਵੀ ਮਜ਼ਬੂਤ ਕਰਨਾ ਹੋਵੇਗਾ ਕਿ ਦੇਸ਼ ਹਮੇਸ਼ਾ ਆਪਣੇ ਨਾਗਰਿਕਾਂ ਲਈ ਸੰਜੀਦਾ ਹੈ।

ਮੌਜੂਦਾ ਮਾਹੌਲ ਵਿੱਚ ਪੂਰਾ ਦੇਸ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ ਹੈ। ਸੁੱਘੜ ਸਿਆਸਤ ਇਸ ਆਫ਼ਤ ਦੇ ਸਮੇਂ ਸਭ ਤੋਂ ਸਹੀ ਰਾਸ਼ਟਰੀ ਪ੍ਰਤੀਕਰਮ ਹੋਵੇਗੀ। ਅਸੀਂ ਜਾਣਦੇ ਹਾਂ ਕਿ ਇਤਿਹਾਸ ਵਿੱਚ ਅਜਿਹਾ ਕੋਈ ਸਿਧਾਂਤ ਨਹੀਂ ਹੈ ਜੋ ਸਾਨੂੰ ਅਤੀਤ ਦੀ ਵਿਆਖਿਆ, ਵਰਤਮਾਨ ਦਾ ਹੱਲ ਅਤੇ ਭਵਿੱਖ ਦਾ ਮੁਲੰਕਣ ਕਰਨਾ ਸਿਖਾਉਂਦਾ ਹੋਵੇ ਪਰ ਅਸੀਂ ਇੰਨੀ ਉਮੀਦ ਕਰ ਸਕਦੇ ਹਾਂ ਕਿ ਕੋਵਿਡ-19 ਤੋਂ ਬਾਅਦ ਦੀ ਦੁਨੀਆ ਹੋਰ ਬਿਹਤਰ ਹੋਵੇਗੀ। ਇਹ ਵੀ ਉਮੀਦ ਹੈ ਕਿ ਨਵੀਂ ਕੌਮਾਂਤਰੀ ਵਿਵਸਥਾ ਵਧੇਰੇ ਮਨੁੱਖਤਾਵਾਦੀ ਹੋਵੇ ਜਿਸ ਵਿੱਚ ਸ਼ਾਂਤੀ ਅਤੇ ਸਹਿ-ਹੋਂਦ ਵਰਗੀਆਂ ਧਾਰਨਾਵਾਂ ਮਹਿਜ਼ ਖ਼ਿਆਲੀ ਦੁਨੀਆ ਦੇ ਵਿਚਾਰ ਨਾ ਰਹਿ ਜਾਣ। ਕੋਰੋਨਾ ਦੇ ਸੰਕਟ ਪਿੱਛੋਂ ਦੁਨੀਆ ਯਕੀਨਨ ਬਦਲੀ ਜਿਹੀ ਹੋਵੇਗੀ। ਸਵਾਲ ਇਹ ਹੈ ਕਿ ਅਸੀਂ ਇਸ ਸੰਕਟ ਤੋਂ ਸਬਕ ਸਿੱਖਦੇ ਹਾਂ ਜਾਂ ਨਹੀਂ। ਸਬਕ ਕਈ ਤਰ੍ਹਾਂ ਦੇ ਹੋਣਗੇ, ਭਾਈਚਾਰਕ ਏਕਤਾ, ਦੇਸ਼ ਭਗਤੀ, ਸਿਆਸੀ ਸੂਝਬੂਝ, ਹਾਂ-ਪੱਖੀ ਸਮਾਜਿਕ ਵਰਤਾਰਾ, ਕਾਦਰ ਦੀ ਕੁਦਰਤ ਨਾਲ ਮਿਲ ਕੇ ਚੱਲਣਾ, ਪਸ਼ੂ-ਪੰਛੀਆਂ, ਜੀਵ-ਜੰਤੂਆਂ 'ਤੇ ਜ਼ੁਲਮ ਨਾ ਕਰਨਾ, ਸੰਜਮੀ ਬਣਨਾ ਤੇ ਸਰਬੱਤ ਦਾ ਭਲਾ ਮੰਗਣਾ। ਜੇ ਅਸੀਂ ਸਬਕ ਸਿੱਖਾਂਗੇ ਤਾਂ ਚੰਗੇ ਰਹਾਂਗੇ, ਨਹੀਂ ਤਾਂ ਕੋਰੋਨਾ ਵਰਗੀਆਂ ਪਤਾ ਨਹੀਂ ਕਿੰਨੀਆਂ ਮੁਸੀਬਤਾਂ ਬਰੂਹਾਂ 'ਤੇ ਦਸਤਕ ਦਿੰਦੀਆਂ ਰਹਿਣਗੀਆਂ।

# ਸੁਪਨਿਆਂ ਵਿੱਚ ਵੱਸਦਾ ਪਿੰਡ!

-ਡਾ. ਬਿੱਕਰਜੀਤ ਸਿੰਘ ਸਾਧੂਵਾਲਾ-

ਪਿੰਡ ਮਨੁੱਖੀ ਸੱਭਿਅਤਾ ਦਾ ਆਧਾਰ ਹੈ। ਇਸ ਦੇ ਪਿਛੋਕੜ ਵਿੱਚ ਭਾਈਚਾਰਕ ਅਪਣੱਤ, ਦੁੱਖ ਸੁੱਖ ਦੇ ਸਾਥੀ ਵਾਲੀ ਜੀਵਨ ਜਾਚ ਵੀ ਹੈ, ਪਰ ਅੱਜ ਉਹ ਪਿੰਡ ਆਪਣੇ ਪੁਰਾਣੇ ਅਰਥਾਂ ਵਿੱਚ ਜਿਉਂਦਾ ਨਹੀਂ ਰਿਹਾ। ਉਹ ਪਿੰਡ ਸ਼ਾਇਦ ਮਰ ਗਿਆ ਹੈ। ਅੱਜ ਜਦੋਂ ਪਿੰਡ ਵਿੱਚ ਕੋਈ ਕਿਸਾਨ, ਮਜ਼ਦੂਰ ਖ਼ੁਦਕੁਸ਼ੀ ਕਰਦਾ ਹੈ ਤਾਂ ਇਸ ਦਾ ਅਰਥ ਹੈ ਕਿ ਉਸ ਨੂੰ ਖ਼ੁਦਕੁਸ਼ੀ ਤਦੇ ਕਰਨੀ ਪਈ ਕਿ ਪਿੰਡ ਉਸ ਨੂੰ ਬਚਾ ਸਕਣ ਦੇ ਸਮਰੱਥ ਨਹੀਂ ਰਿਹਾ। ਅੱਜ ਪਿੰਡ ਦੇ ਬੰਦੇ ਦੀ ਪਛਾਣ ਪਿੰਡ ਵਾਸੀ ਦੇ ਤੌਰ ਉਤੇ ਨਹੀਂ, ਧੜਿਆਂ ਵਿੱਚ ਵੰਡਿਆ ਪਿੰਡ ਥਾਣਿਆਂ-ਕਚਹਿਰੀਆਂ ਦੀ ਸਿਆ-ਸਤ ਤੋਂ ਅੱਗੇ ਨਹੀਂ ਜਾ ਰਿਹਾ। ਪਿੰਡ ਦੇ ਬੰਦੇ ਦੀ ਪਛਾਣ ਕੇਵਲ ਪਿੰਡ ਦੇ ਬੰਦੇ ਤੱਕ ਸੀਮਤ ਹੋ ਗਈ ਹੈ। ਸਰਕਾਰ ਦੀਆਂ ਵਹੀਆਂ ਤੋਂ ਪਿੰਡ ਗਾਇਬ ਹੈ।

ਪਿੰਡ ਆਰਥਿਕ ਰੂਪ ਵਿੱਚ ਗਰੀਬ, ਸਿਆਸੀ ਤੌਰ ਉਤੇ ਤਾਕਤ ਵਿਹੂਣਾ ਅਤੇ ਸਮਾਜਿਕ ਤੌਰ ’ਤੇ ਟੁੱਟ ਚੁੱਕਾ ਹੈ। ਪਿੰਡਾਂ ਵਿੱਚੋਂ ਉਹ ਸਿਆਣੇ ਮੁੱਕ ਗਏ ਹਨ, ਜਿਨ੍ਹਾਂ ਨੂੰ ਬਰਾਤ ਵਿੱਚ ਕਿਸੇ ਵੇਲੇ ਸੰਦੂਕ ਵਿੱਚ ਬੰਦ ਕਰਕੇ ਲਿਜਾਣ ਦੀਆਂ ਕਹਾਣੀਆਂ ਪ੍ਰਚੱਲਿਤ ਸਨ। ਜ਼ਿੰਦਗੀ ਦੇ ਚਾਰ ਦਹਾਕੇ ਪਿੰਡ ਵਿੱਚ ਗੁਜ਼ਾਰੇ ਹੋਣ ਕਾਰਨ ਮੇਰੇ ਖਿਆਲਾਂ ਵਿੱਚ ਵਸਦਾ ਪਿੰਡ ਅਸਲੋਂ ਉਹ ਨਹੀਂ ਰਿਹਾ। ਪਿੰਡ ਜਾ ਕੇ ਪੁਰ-ਾਣਾ ਪਿੰਡ ਲੱਭਣ ਦੀ ਭਟਕਣਾ ਹੋਰ ਵੀ ਵਧ ਜਾਂਦੀ ਹੈ ਕਿ ਕਿੱਥੇ ਲੋਪ ਹੋ ਗਿਆ ਉਹ ਪਿੰਡ? ਪਤਾ ਨਹੀਂ ਕਿਸ ਨੇ ਅਗਵਾ ਕਰ ਲਈਆਂ ਨੇ ਬਜ਼ੁਰਗ ਮਾਵਾਂ ਦੀਆਂ ਅਸੀਸ ਭਰੀਆਂ ਠੰਢੀਆਂ ਛਾਵਾਂ? ਰੂਹਾਂ ਦੇ ਰਿਸ਼ਤੇ ਪੈਸੇ ਦੀ ਤੱਕੜੀ ਵਿੱਚ ਤੁਲ ਗਏ। ਇਕੱਲੀ ਮਿੱਟੀ ਪਾਣੀ ਨਹੀਂ ਪਲੀਤ ਹੋਏ, ਰਿਸ਼ਤੇ ਵੀ ਜੀਵਤ ਨਹੀਂ ਰਹੇ। ਮੇਰੇ ਖਿਆਲਾਂ ਵਿੱਚ ਵੱਸਦੇ ਪਿੰਡ ਦੀਆਂ ਯਾਦਾਂ ਵਿੱਚੋਂ ਇੱਕ ਘਟਨਾ ਦੱਸਣ ਲੱਗਾ ਹਾਂ। ਮੈਂ ਇਸ ਦਾ ਚਸ਼ਮਦੀਦ ਗਵਾਹ ਤਾਂ ਨਹੀਂ, ਪਰ ਇਸ ’ਤੇ ਮਾਣ ਮਹਿਸੂਸ ਹੁੰਦਾ ਹੈ ਕਿ ਲੋਕਾਂ ਦੀਆਂ ਸਾਂਝਾਂ ਕਿੰਨੀਆਂ ਪੀਡੀਆਂ ਸਨ। ਗੱਲ ਇਉਂ ਹੋਈ ਕਿ ਪਿੰਡ ਦੇ ਦੋ ਭਰਾਵਾਂ ਦਾ ਵਿਆਹ ਸੀ। ਤੀਜੇ ਦਿਨ ਬਰਾਤ ਜਾਣੀ ਸੀ। ਉਦੋਂ ਵਿਆਹ ਅੱਜ ਵਰਗੇ ਨਹੀਂ ਸਨ ਹੁੰਦੇ। ਸਾਰਾ ਭਾਈਚਾਰਾ ਕੰਮ-ਧੰਦਿਆਂ ਤੇ ਕਾਰ-ਵਿਹਾਰਾਂ ਵਿੱਚ ਸ਼ਾਮਲ ਹੁੰਦਾ ਸੀ। ਲੱਡੂ ਪੱਕ ਰਹੇ ਸਨ। ਨਾਨਕਾ ਮੇਲ ਆ ਰਿਹਾ ਸੀ। ਬੰਬੀਹਾ ਬੁਲਾਇਆ ਜਾ ਰਿਹਾ ਸੀ। ਸਮਝੋ, ਸਾਰੇ ਪਿੰਡ ਵਿੱਚ ਗਹਿਮਾ ਗਹਿਮੀ ਸੀ। ਅਚਾਨਕ ਸ਼ਾਮ ਸਮੇਂ ਕੁੜੀ ਵਾਲਿਆਂ ਵੱਲੋਂ ਜਵਾਬ ਆ ਗਿਆ ਕਿ ਪਰਸੋਂ ਬਰਾਤ ਲੈ ਕੇ ਨਹੀਂ ਆਉਣੀ। ਇਹ ਸੁਨੇਹਾ ਪੁੱਜਦੇ ਸਾਰ ਰੰਗ ਵਿੱਚ ਭੰਗ ਪੈ ਗਈ ਸੀ। ਅਫਸੋਸ ਵਜੋਂ ਸਾਰੇ ਪਿੰਡ ਵਾਲੇ ਸਬੰਧਤ ਘਰ ਇਕੱਠੇ ਹੋ ਗਏ। ਇਹ ਮਾਮਲਾ ਇਕੱਲੇ ਪਰਵਾਰ ਦੀ ਹੀ ਨਹੀਂ ਸਾਰੇ ਪਿੰਡ ਦੀ ਇਜ਼ੱਤ ਦਾ ਸਵਾਲ ਬਣ ਗਿਆ। ਪਿੰਡ ਦੀ ਇੱਜ਼ਤ ਤਦੇ ਬਚ ਸਕਦੀ ਸੀ, ਜੇ ਮਿਥੇ ਸਮੇਂ ਜੰਨ ਚੜ੍ਹੇ। ਰਾਤ ਪੈ ਗਈ ਸੀ। ਸਾਰੇ ਪਿੰਡ ਵਿੱਚ ਕੋਈ ਚੁੱਲ੍ਹਾ ਨਹੀਂ ਸੀ ਬਲਿਆ। ਪਿੰਡ ਦੇ ਉਸਾਣ ਮਾਰੇ ਗਏ ਸਨ।

ਇੰਨੇ ਨੂੰ ਇਕੱਠ ਵਿੱਚੋਂ ਇੱਕ ਬੰਦਾ ਉਠਿਆ ਅਤੇ ਉਸ ਨੇ ਸਵੇਰੇ ਪੰਜ ਵਜੇ ਤੱਕ ਦਾ ਸਮਾਂ ਮੰਗਿਆ। ਸਾਰੇ ਜਣੇ ਉਸ ਨਾਲ ਸਹਿਮਤ ਹੋ ਗਏ। ਉਹ ਬੰਦਾ 30-35 ਕਿਲੋਮੀਟਰ ਦੂਰ ਆਪਣੀ ਇੱਕ ਰਿਸ਼ਤੇਦਾਰੀ ਵਿੱਚ ਪੈਦਲ ਗਿਆ ਅਤੇ ਆਪਣੀਆਂ ਰਿਸ਼ਤੇਦਾਰ ਕੁੜੀਆਂ ਨਾਲ ਪੱਕ ਠੱਕ ਕਰਕੇ ਸਵੇਰੇ ਆ ਕੇ ਪਿੰਡ ਵਿੱਚ ਐਲਾਨ ਕਰ ਦਿੱਤਾ ਕਿ ਬਰਾਤ ਪਹਿਲਾਂ ਮਿਥੇ ਸਮੇਂ ’ਤੇ ਜਾਵੇਗੀ। ਅੱਜ ਵੀ ਉਹ ਪਰਵਾਰ ਰੰਗੀ ਰਾਗ ਵਿੱਚ ਵਸਦਾ ਹੈ। ਅੱਜ ਜਦੋਂ ਸਾਂਝਾਂ ਆਪਸੀ ਖਿੱਚੋਤਾਣ ਅਤੇ ਸ਼ਰੀਕੇਬਾਜ਼ੀ ਵਾਲੀ ਹਉਮੇ ਵਿੱਚ ਬਦਲ ਚੁੱਕੀਆਂ ਹਨ ਤਾਂ ਇਹ ਘਟਨਾ ਅੱਜ ਵੀ ਮਨ ਨੂੰ ਹੁਲਾਰਾ ਦੇ ਜਾਂਦੀ ਹੈ।

# ਸਾਖੀ ਬਾਲ ਮੀਕ ਭੰਗੀ ਅਤੇ ਪਾਂਡਵਾਂ ਦਾ ਯਗ



ਕਰਨੈਲ ਸਿੰਘ ਟੋਰਾਂਟੋ
416-746-7642

ਇਕ ਸਮੇਂ ਪਾਂਡਵਾਂ ਨੇ ਰਾਜਸੂ ਯੱਗ ਆਰੰਭ ਕੀਤਾ। ਉਸ ਯਗ ਵਿਚ ਕ੍ਰਿਸ਼ਨ ਜੀ ਨੇ ਸਾਰੇ ਰਿਖੀਆਂ, ਮੁਨੀਆਂ, ਸਾਧੂਆਂ, ਬ੍ਰਾਹਮਣਾਂ ਦੇ ਚਰਨ ਆਪ ਧੋਤੇ ਸਨ ਅਤੇ ਇਸ ਗੱਲ ਨੂੰ ਪ੍ਰਗਟ ਕੀਤਾ ਸੀ ਕਿ ਗ੍ਰਹਿਸਤੀ ਨੂੰ ਕਿਸ ਤਰ੍ਹਾਂ ਤਨ ਮਨ ਧਨ ਕਰਕੇ ਸੰਤ ਸੇਵਾ ਕਰਨੀ ਚਾਹੀਦੀ ਹੈ। ਯਗ ਆਰੰਭ ਕਰਨ ਸਮੇਂ ਇਕ ਸੰਖ ਉਚੀ ਜਗ੍ਹਾ ਤੇ ਟੰਗ ਦਿਤਾ ਅਤੇ ਸਭ ਨੂੰ ਸੁਣਾ ਕੇ ਕਿਹਾ ਕਿ ਜੇ ਯਗ ਸੰਪੂਰਨ ਹੋ ਗਿਆ ਤਾਂ ਸੰਖ ਆਪੇ ਵੱਜ ਜਾਵੇਗਾ ਜੇ ਕਰ ਸੰਖ ਆਪਣੇ ਆਪ ਨਾ ਵੱਜਿਆ ਤਾਂ ਯਗ ਸੰਪੂਰਨ ਨਹੀਂ, ਅਧੂਰਾ ਹੈ ਕੋਈ ਕਮੀ ਰਹਿ ਗਈ ਸਮਝੀ ਜਾਵੇਗੀ। ਕਈ ਦਿਨ ਯਗ ਚਲਦਾ ਰਿਹਾ। ਸਾਧੂਆਂ, ਬ੍ਰਾਹਮਣਾਂ, ਗਰੀਬਾਂ, ਅਥਿਤਾਂ ਨੂੰ ਵੱਖ-ਵੱਖ ਪ੍ਰਕਾਰ ਦੇ ਪ੍ਰਸ਼ਾਦ ਛਕਾਏ ਗਏ ਅਤੇ ਬੇਦ ਬਾਣੀ ਦੇ ਪਾਠ ਹਵਨ ਆਦਿਕ ਚਲਦੇ ਰਹੇ। ਆਉਣ ਵਾਲੇ ਸਾਧੂਆਂ ਸੰਤਾਂ ਨੂੰ ਦੱਛਣਾ ਅਤੇ ਬਸਤਰ ਆਦਿਕ ਦਾਨ ਕੀਤੇ, ਜਿਸ ਵੇਲੇ ਸੰਪੂਰਨ ਅਹੂਤੀਆਂ ਪਾਈਆਂ ਗਈਆਂ ਪਰ ਸੰਖ ਨਾ ਵਜਿਆ। ਪੰਜਾਂ ਭਰਾਵਾਂ ਪਾਂਡਵਾਂ ਅਤੇ ਮਹਾਰਾਣੀ ਦ੍ਰੋਪਤੀ ਨੂੰ ਬੜਾ ਦੁਖ ਲੱਗਾ ਕਿ ਸੰਖ ਹੀ ਨਹੀਂ ਵਜਿਆ ਤਾਂ ਯੱਗ ਸੰਪੂਰਨ ਨਹੀਂ ਹੋਇਆ। ਯਗ ਅਧੂਰਾ ਰਹਿ ਜਾਣ ਕਰਕੇ ਇਸ ਦਾ ਫਲ ਕੀ ਮਿਲਣਾ ਸੀ ਭਾਵ ਕੁਝ ਨਹੀਂ। ਧਰਮ ਪੁਤ੍ਰ ਯੁਧਿਸ਼ਟਰ ਨੇ ਕ੍ਰਿਸ਼ਨ ਭਗਵਾਨ ਦੇ ਚਰਨਾ ਵਿਚ ਬੇਨਤੀ ਕੀਤੀ, ਮਹਾਰਾਜ ਯਗ ਸੰਪੂਰਨ ਨਹੀਂ ਹੋਇਆ ਸੰਖ ਨਹੀਂ ਵਜਿਆ ਇਸ ਦਾ ਕਾਰਨ ਸਾਨੂੰ ਨਜ਼ਰ ਨਹੀਂ ਆਉਂਦਾ। ਅਸੀਂ ਪੰਜਾਂ ਭਰਾਵਾਂ ਨੇ ਯਗ ਵਿਚ ਆਏ ਸਾਧੂਆਂ ਦੀ ਸੰਤਾਂ, ਰਿਖੀਆਂ ਮੁਨੀਆਂ ਦੀ ਅਤੇ ਬ੍ਰਾਹਮਣਾਂ ਦੀ ਸਮਾਨ ਸੇਵਾ ਕੀਤੀ ਹੈ। ਕਿਸੇ ਦਾ ਹਿਰਦਾ ਨਹੀਂ ਦੁਖਾਇਆ ਆਪ ਸਮਰੱਥ ਪੁਰਖ ਹੋ ਘਟ ਘਟ ਦੀ ਜਾਣਨ ਵਾਲੇ ਹੋ, ਆਪ ਕ੍ਰਿਪਾ ਕਰਕੇ ਯਗ ਅਧੂਰਾ ਰਹਿਣ ਦਾ ਕਾਰਨ ਦੱਸਣਾ ਕਰੋ ਜੀ। ਕ੍ਰਿਸ਼ਨ ਭਗਵਾਨ ਨੇ ਕਿਹਾ, ਪਾਂਡਵੋ! ਜਾਤਿ ਪਾਤਿ ਨਾ ਪੂਛੇ ਕੋਈ॥ ਹਰਿ ਕੋ ਭਜੇ ਸੋ ਹਰਿ ਸਾ ਹੋਈ॥

ਭਾਵ:- ਹਰੀ ਦੀ ਭਗਤੀ ਵਾਲਾ ਭਗਤ ਹਰੀ ਦਾ ਸਰੂਪ ਹੀ ਹੁੰਦਾ ਹੈ।

ਤਥਾ:- ਘਿਅ ਪਟ ਭਾਂਡਾ ਕਹੈ ਨ ਕੋਇ॥ ਐਸਾ ਭਗਤੁ ਵਰਨ ਮਹਿ ਹੋਇ॥

(ਪੰਨਾ ੭੨੧)

ਭਾਵ:- ਜਿਵੇਂ ਘਿਉ ਦੇ ਭਾਂਡੇ ਦੀ ਅਤੇ ਪੱਟ ਦੇ ਬਸਤ੍ਰ ਦੀ ਕੋਈ ਵਿਚਾਰ ਨਹੀਂ ਕਰਦਾ, ਹੇ ਧਰਮ ਪੁੱਤਰ ਤੇਰੇ ਇਸੇ ਸ਼ਹਿਰ ਵਿਚ ਇਕ ਭਗਵੰਤ ਦਾ ਪਿਆਰਾ ਸੁਪਚ ਜਾਤੀ ਵਿਚੋਂ ਬਾਲਮੀਕ ਰਹਿੰਦਾ ਹੈ। ਤੇਰੇ ਇਸ ਯਗ ਵਿਚ ਉਸ ਦੇ ਚਰਨ ਨਹੀਂ ਪਏ। ਇਸ ਕਰਕੇ ਤੇਰਾ ਯਗ ਸੰਪੂਰਨ ਨਹੀਂ ਹੋਇਆ। ਇਹ ਤੇਰਾ ਯਗ ਪੰਪਾਸੁਰ ਤੀਰਥ ਵਾਂਗ ਹੈ। ਪੰਪਾਸੁਰ ਤੀਰਥ ਵਿਚ ਕਿਰਮ ਪੈ ਗਏ ਸਨ। ਜਿਸ ਵੇਲੇ ਰਾਮ ਚੰਦਰ ਜੀ ਉਥੇ ਗਏ ਸਨ ਤਾਂ ਸਾਰਿਆਂ ਬ੍ਰਾਹਮਣਾਂ ਨੇ ਬੇਨਤੀ ਕੀਤੀ ਮਹਾਰਾਜ ਪੰਪਾਸਰ ਤੀਰਥ ਵਿਚ ਕਿਰਮ ਪੈ ਗਏ ਹਨ। ਉਸ ਵਿਚ ਇਸ਼ਨਾਨ ਕਰਨ ਨੂੰ ਮਨ ਨਹੀਂ ਕਰਦਾ, ਘਿਰਣਾ ਆਉਂਦੀ ਹੈ। ਬਦਬੂ ਪੈਦਾ ਹੋ ਗਈ ਹੈ ਇਤਨਾ ਕਿਰਮ ਪੈਦਾ ਹੋ ਗਿਆ ਹੈ। ਰਾਮ ਚੰਦਰ ਨੇ ਕਿਹਾ ਹੁਣ ਤੁਸੀਂ ਸਾਰੇ ਬ੍ਰਾਹਮਣ ਬੇਦ ਬਕਤਾ ਅਤੇ ਰਿਖੀ ਮੁਨੀ ਇਸ਼ਨਾਨ ਕਰੋ ਫੇਰ ਦਸਣਾ ਕਿਰਮ ਖਤਮ ਹੋ ਗਏ ਜਾਂ ਨਹੀਂ। ਸਾਰਿਆਂ ਨੇ ਇਸ਼ਨਾਨ ਕੀਤਾ ਪਰ ਕਿਰਮ ਜਿਉਂ ਦੇ ਤਿਉਂ ਹਨ ਮਰੇ ਨਹੀਂ। ਫੇਰ ਪੰਡਿਤਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ ਮਹਾਰਾਜ ਅਸੀਂ ਆਪ ਜੀ ਦਾ ਬਚਨ ਮੰਨ ਕੇ ਸਾਰੇ ਪੰਡਿਤਾਂ ਅਤੇ ਰਿਖੀਆਂ ਮੁਨੀਆਂ ਨੇ ਇਸ਼ਨਾਨ ਕੀਤਾ ਹੈ। ਪਰ ਕਿਰਮ ਨਹੀਂ ਮਰੇ। ਆਪ ਕੋਈ ਹੋਰ ਉਪਾਅ ਲੱਭੋ ਇਸ ਦਾ, ਰਾਮ ਚੰਦਰ ਜੀ ਨੇ ਭੀਲਨੀ ਜਾਤ ਦੀ ਚੂੜੀ ਆਪਣੀ ਭਗਤਣੀ ਨੂੰ ਕਿਹਾ ਕਿ ਤੂੰ ਪੰਪਾਸਰ ਤੀਰਥ ਵਿਚ ਇਸ਼ਨਾਨ ਕਰ। ਭੀਲਨੀ ਨੇ ਕਿਹਾ ਮਹਾਰਾਜ ਇਹ ਪੰਡਿਤ ਲੋਕ ਤਾਂ ਮੈਨੂੰ ਪੰਪਾਸਰ ਤੀਰਥ ਦੇ ਰਸਤੇ ਤੇ ਝਾੜੂ ਵੀ ਨਹੀਂ ਲਾਉਣ ਦਿੰਦੇ ਕਿ ਪਵਿੱਤ੍ਰ ਤੀਰਥ 'ਤੇ ਤੂੰ ਨੀਚ ਜਾਤ ਵਾਲੀ ਝਾੜੂ ਨਹੀਂ ਲਾ ਸਕਦੀ। ਦੋਵੇਂ ਹੱਥ ਜੋੜ ਕੇ ਰੋਈ ਅਤੇ ਬੇਨਤੀ ਕੀਤੀ ਮਹਾਰਾਜ ਜੀ ਮੈਂ ਹਰ ਰੋਜ਼ ਪੰਪਾਸਰ ਤੀਰਥ ਦੇ ਰਸਤੇ ਵਿਚ ਝਾੜੂ ਲਾਉਂਦੀ ਸੀ। ਸਾਧੂਆਂ ਸੰਤਾਂ ਦੀ ਚਰਨ ਧੂੜ ਮੈਨੂੰ ਮਿਲਦੀ ਸੀ ਅਤੇ ਸਾਧੂਆਂ ਦੇ ਦਰਸ਼ਨ ਕਰਕੇ ਅਤੀ ਪ੍ਰਸੰਨਤਾ ਪ੍ਰਾਪਤ ਕਰਦੀ ਸੀ। ਜਿਸ ਦਿਨ ਤੋਂ ਮੈਨੂੰ ਇਹਨਾਂ ਝਾੜੂ ਲਾਉਣ ਤੋਂ ਰੋਕ ਦਿਤਾ ਹੁਣ ਮੈਂ ਅੱਧੀ ਰਾਤ ਉਠਕੇ ਇਹਨਾਂ ਪੰਡਤਾਂ ਦੇ ਆਉਣ ਤੋਂ ਪਹਿਲਾਂ ਪਹਿਲਾਂ ਚੋਰੀ ਝਾੜੂ ਲਾਂਦੀ ਹਾਂ, ਇਸ਼ਨਾਨ ਤਾਂ ਦੂਰ ਦੀ ਗੱਲ ਰਹੀ। ਮੈਂ ਉਥੇ ਜਾ ਵੀ ਨਹੀਂ ਸਕਦੀ। ਰਾਮ ਚੰਦਰ ਭਗਵਾਨ ਨੇ ਕਿਹਾ ਭੀਲਣੀ ਤੂੰ ਬਚਨ ਮੰਨ ਕੇ ਇਸ਼ਨਾਨ ਕਰ ਤੈਨੂੰ ਅੱਜ ਕੋਈ ਨਹੀਂ ਰੋਕੇਗਾ! ਤਾਂ ਭੀਲਣੀ ਨੇ ਬਚਨ ਮੰਨ ਕੇ ਇਸ਼ਨਾਨ ਕੀਤਾ। ਬ੍ਰਾਹਮਣਾਂ ਦੇ ਦੰਦ ਜੁੜ ਗਏ ਚੁਪ ਬੈਠੇ ਸਨ ਬੋਲ ਨਹੀਂ ਸਨ ਸਕਦੇ, ਡਰਦੇ ਮਾਰੇ, ਭੀਲਣੀ ਇਸ਼ਨਾਨ ਕਰਕੇ ਬਾਹਰ ਆਈ ਤਾਂ ਬ੍ਰਾਹਮਣਾਂ ਨੂੰ ਕਿਹਾ ਹੁਣ ਦੇਖੋ ਕਿਰਮ ਹਨ ਜਾਂ ਨਹੀਂ। ਬ੍ਰਾਹਮਣਾਂ ਨੇ ਦੇਖਿਆ ਤਾਂ ਕਿਰਮ ਕੋਈ ਨਹੀਂ ਅਤੇ ਪੰਪਾਸਰ ਤੀਰਥ ਦਾ ਜਲ ਸ੍ਵਛ ਸਾਫ ਸੁਥਰਾ ਹੋ ਗਿਆ ਸੀ।

ਰਾਮ ਚੰਦਰ ਜੀ ਨੇ ਆਪਣੀ ਭਗਤਣੀ ਦੀ ਜੈ ਜੈਕਾਰ ਕਰਾਈ। ਕ੍ਰਿਸ਼ਨ ਜੀ ਨੇ ਕਿਹਾ ਪਾਂਡਵੋ ਇਸੇ ਤਰ੍ਹਾਂ ਤੁਹਾਡੇ ਯੱਗ ਵਿਚ ਸਾਧੂਆਂ ਸੰਤਾਂ ਰਿਖੀਆਂ ਮੁਨੀਆਂ ਨੇ ਇਸ਼ਨਾਨ ਕੀਤਾ ਹੈ, ਭਾਵ ਪ੍ਰਸ਼ਾਦਿ ਛਕਿਆ ਹੈ, ਦਛਣਾ ਲਈ ਹੈ ਪਰ ਜਲ ਸ੍ਵਛ ਨਹੀਂ ਹੋਇਆ! ਜਦੋਂ ਭੀਲਣੀ ਰੂਪ ਬਾਲਮੀਕ ਤੁਹਾਡੇ ਯਗ ਵਿਚ ਚਰਨ ਪਾਉਣਗੇ ਉਸ ਵੇਲੇ ਯੱਗ ਸੰਪੂਰਨ ਹੋਵੇਗਾ। ਜਿਵੇਂ ਪੰਪਾਸਰ ਤੀਰਥ ਦੇ ਜਲ ਨੂੰ ਸ੍ਵਛ ਕਰਨ ਵਾਲੀ ਭੀਲਣੀ ਸੀ ਨੀਚ ਜਾਤੀ ਦੀ ਭਗਤਣੀ ਇਵੇਂ ਹੀ ਤੇਰੇ ਯਗ ਨੂੰ ਸੰਪੂਰਨ ਕਰਨ ਵਾਲਾ ਸੁਪਚ=ਨੀਚ ਜਾਤ ਦਾ ਭਗਤ ਬਾਲਮੀਕ ਹੈ। ਉਸ ਨੂੰ ਬੁਲਾਕੇ ਭੋਜਨ ਛਕਾਉ ਤੇ ਮਨ ਦੀਆਂ ਮੁਰਾਦਾਂ ਪੂਰੀਆਂ ਹੋਣਗੀਆਂ। ਭਗਵਾਨ ਕ੍ਰਿਸ਼ਨ ਦੀ ਆਗਿਆ ਪਾ ਕੇ ਧਰਮ ਪੁਤ੍ਰ ਯੁਧਿਸ਼ਟਰ ਨੇ ਆਪਣੇ ਛੋਟੇ ਭਰਾ ਭੀਮ ਸੈਨ ਅਤੇ ਅਰਜਨ ਨੂੰ ਭੇਜਿਆ। ਭੀਮਸੈਨ ਅਤੇ ਅਰਜਨ ਪਾਂਡੋ ਨੇ ਬਾਲਮੀਕ ਜੀ ਨੂੰ ਬੇਨਤੀ ਕੀਤੀ ਕਿ ਆਪ ਸਾਡੇ ਯਗ ਵਿਚ ਚਰਨ ਪਾਉ। ਭਗਤ ਜੀ ਨੇ ਕਿਹਾ ਰਾਜਨ ਮੈਂ ਤੁਹਾਡੇ ਰਾਜ ਮਹਿਲਾਂ ਵਿਚ ਝਾੜੂ ਦੇਣ ਵਾਲਾ ਅਤੇ ਤੁਹਾਡੇ ਜੂਠੇ ਟੁਕੜੇ ਖਾਣ ਵਾਲਾ ਹਾਂ। ਤੁਸੀਂ ਯੱਗ ਵਿਚ ਚਰਨ ਪਾਉਣ ਦੀ ਗੱਲ ਕਰਕੇ ਮੈਨੂੰ ਸ਼ਰਮਿੰਦਾ ਕਰਦੇ ਹੋ, ਪਾਂਡਵਾਂ ਕਿਹਾ, ਮਹਾਰਾਜ ਸਾਨੂੰ ਕ੍ਰਿਸ਼ਨ ਜੀ ਨੇ ਤੁਹਾਡੀ ਤਾਕਤ ਦੇ ਸਬੰਧ ਵਿਚ ਸਭ ਕੁਝ ਦੱਸ ਦਿੱਤਾ ਹੈ। ਹੁਣ ਤੁਸੀਂ ਸਾਡੇ ਪਾਸੋਂ ਲੁਕ ਨਹੀਂ ਸਕਦੇ ਤਾਂ ਰਿਖੀ ਨੇ ਕਿਹਾ ਮੈਂ ਜਿਤਨੇ ਕਦਮ ਚਲਕੇ ਤੁਹਾਡੇ ਘਰ ਜਾਵਾਂਗਾ ਉਤਨੇ ਹੀ ਅਸ਼੍ਵਮੇਧ ਯੱਗਾਂ ਦਾ ਫਲ ਲਵਾਂਗਾ। ਇਸ ਸ਼ਰਤ ਤੋਂ ਬਗੈਰ ਨਹੀਂ ਜਾਵਾਂਗਾ ਅਤੇ ਨਾ ਹੀ ਭੋਜਨ ਖਾਵਾਂਗਾ। ਭੀਮਸੈਨ ਅਰਜਨ ਨੇ ਕਿਹਾ ਮਹਾਰਾਜ ਅਸੀਂ ਸਾਰੀ ਜ਼ਿੰਦਗੀ ਵਿਚ ਇਕੋ ਯੱਗ ਕਰਨ ਲੱਗੇ ਹਾਂ। ਇਹ ਅਜੇ ਪੂਰਾ ਨਹੀਂ ਹੋਇਆ। ਤੁਹਾਨੂੰ ਇਕ ਇਕ ਕਦਮ ਦਾ ਅਸ਼੍ਵਮੇਧ ਯੱਗ ਦਾ ਫਲ ਕਿਵੇਂ ਦੇ ਸਕਦੇ ਹਾਂ। ਦੋਵੇਂ ਭਰਾ ਵਾਪਸ ਆ ਗਏ ਆਕੇ ਵੱਡੇ ਭਰਾ ਧਰਮ ਪੁਤ੍ਰ ਯੁਧਿਸ਼ਟਰ ਨੂੰ ਸਾਰੀ ਗੱਲ ਦਸੀ ਤਾਂ ਸੁਣਕੇ ਮਹਾਰਾਣੀ ਦ੍ਰੋਪਤੀ ਨੇ ਕਿਹਾ ਮੈਨੂੰ ਆਗਿਆ ਦਿਉ ਮੈਂ ਰਿਖੀ ਨੂੰ ਲੈ ਕੇ ਆਉਂਦੀ ਹਾਂ। ਉਹਨਾਂ ਦੀ ਸ਼ਰਤ ਪੂਰੀ ਕਰਾਂਗੀ। ਯੁਧਿਸ਼ਟਰ ਮਹਾਰਾਜ ਤੋਂ ਆਗਿਆ ਲੈ ਕੇ ਦ੍ਰੋਪਤੀ ਮਹਾਰਾਣੀ ਜਾਂਦੀ ਹੈ! ਜਾਕੇ ਰਿਖੀ ਜੀ ਨੂੰ ਬੇਨਤੀ ਕੀਤੀ ਮਹਾਰਾਜ ਸਾਡੇ ਯੱਗ ਵਿਚ ਚਰਨ ਪਾਓ, ਬਾਲਮੀਕ ਜੀ ਕਿਹਾ, ਪੁਤਰੀ ਅਸੀਂ ਇਕ ਇਕ ਕਦਮ ਦਾ ਇਕ ਇਕ ਅਸ਼੍ਵਮੇਧ ਯੱਗ ਦਾ ਫਲ ਦੱਛਣਾ ਪਹਿਲਾਂ ਲਵਾਂਗੇ ਤਾਂ ਚੱਲਾਂਗੇ। ਦ੍ਰੋਪਤੀ ਨੇ ਕਿਹਾ ਸੁਆਮੀ ਜੀ ਮੈਂ ਸ਼ਾਸਤ੍ਰਾਂ ਦੀ ਕਥਾ ਵਿਚ ਸੁਣਿਆ ਹੈ, ਗੁਰ ਅਸਥਾਨ ਅਤੇ ਸੰਤਾਂ ਮਹਾਂਪੁਰਖਾਂ ਦੇ ਚਰਨਾਂ ਵਿਚ ਸ਼ਰਧਾ ਭਗਤੀ ਨਾਲ ਜਿਤਨੇ ਕਦਮ ਤੁਰ ਕੇ ਜਾਈਏ। ਇਕ ਇਕ ਕਦਮ ਦਾ ਸਉ ਸਉ ਅਸ਼੍ਵਮੇਧ ਯੱਗ ਦਾ ਫਲ ਮਿਲਦਾ ਹੈ। ਮੈਂ ਆਪ ਜੀ ਦੇ ਕਦਮਾਂ ਵਿਚ ਆਉਣ ਲਈ ਜਿਤਨੇ ਕਦਮ ਚਲਕੇ ਆਈ ਹਾਂ ਉਤਨੈ ਸੈਂਕੜੇ ਅਸ਼੍ਵਮੇਧ ਯੱਗਾਂ ਦਾ ਫਲ ਮੇਰੀ ਝੋਲੀ ਵਿਚ ਪਾਉ, ਫਿਰ ਉਸ ਵਿਚੋਂ ਮੈਂ ਆਪ ਜੀ ਨੂੰ ਇਕ ਇਕ ਕਦਮ ਤੇ ਇਕ ਇਕ ਅਸ਼੍ਵਮੇਧ ਯੱਗ ਦਾ ਫਲ ਦੇਵਾਂਗੀ। ਦ੍ਰੋਪਤੀ ਦੀ ਅਥਾਹ ਸ਼ਰਧਾ ਅਤੇ ਸ਼ਾਸਤ੍ਰ ਦਾ ਪ੍ਰਮਾਣ ਸੁਣਕੇ ਬਾਲਮੀਕ ਜੀ ਨੇ ਸੋਚਿਆ ਕਿ ਦ੍ਰੋਪਤੀ ਤਾਂ ਗਿਆਨਣ ਹੈ ਅਤੇ ਜੇ ਹੁਣ ਨਹੀਂ ਜਾਂਦੇ ਤਾਂ ਸ਼ਾਸਤ੍ਰ ਝੂਠਾ ਪੈਂਦਾ ਹੈ। ਬੇਦ ਕਤੇਬ ਸਿਮ੍ਰਿਤੀਆਂ ਆਦਿਕ।

ਬਾਲਮੀਕ ਜੀ ਚੁਪ ਚੁਪੀਤੇ ਚਲ ਪਏ ਅਤੇ ਯਗ ਅਸਥਾਨ ਵਿਚ ਪੁੱਜਕੇ ਬਾਹਰ ਹੀ ਬੈਠਣ ਦੀ ਇੱਛਾ ਕੀਤੀ ਅਤੇ ਜੋੜਿਆਂ ਵਾਲੀ ਜਗ੍ਹਾ 'ਤੇ ਬੈਠ ਗਏ। ਕ੍ਰਿਸ਼ਨ ਜੀ ਨੇ ਅਰਜਨ ਨੂੰ ਇਸ਼ਾਰਾ ਕੀਤਾ ਅਤੇ ਕਿਹਾ ਕਿ ਅਰਜਨ ਇਸ ਤਰ੍ਹਾਂ ਯਗ ਸੰਪੂਰਨ ਕਰਾਉਣਾ ਚਾਹੁੰਦਾ ਹੈ। ਜੇ ਕਰ ਏਨਾਂ ਮਹਾਂਪੁਰਸ਼ਾਂ ਪਾਸੋਂ ਯਗ ਸੰਪੂਰਨ ਕਰਾਣਾ ਹੈ ਤਾਂ ਸਾਫ ਸੁਥਰੀ ਜਗ੍ਹਾ 'ਤੇ ਉਚੇ ਆਸਣ 'ਤੇ ਬਿਠਾਉ। ਅਰਜਨ ਨੇ ਕ੍ਰਿਸ਼ਨ ਜੀ ਦਾ ਇਸ਼ਾਰਾ ਦੇਖ ਕੇ ਬਾਲਮੀਕ ਜੀ ਨੂੰ ਗੋਦੀ ਵਿਚ ਚੁੱਕ ਲਿਆ ਅਤੇ ਜਿਥੇ ਮਹਾਰਾਣੀ ਦ੍ਰੋਪਦਾਂ ਰਸੋਈ ਤਿਆਰ ਕਰਦੀ ਸੀ ਉਸ ਚਉਂਕੇ ਵਿਚ ਉਚਾ ਅਤੇ ਸੁੰਦਰ ਆਸਣ ਲਾਕੇ ਬਿਠਾਇਆ। ਮਹਾਰਾਣੀ ਦ੍ਰੋਪਦੀ ਨੇ ਛੱਤੀ ਪ੍ਰਕਾਰ ਦੇ ਭੋਜਣ ਤਿਆਰ ਕੀਤੇ। ਥਾਲ ਵਿਚ ਪਰੋਸ ਕੇ ਬਾਲਮੀਕ ਰਿਖੀ ਦੇ ਅੱਗੇ ਰਖਿਆ ਅਤੇ ਦੋਵੇਂ ਹੱਥ ਜੋੜਕੇ ਬੇਨਤੀ ਕੀਤੀ ਮਹਾਰਾਜ ਜੀ ਆਪ ਪ੍ਰਸ਼ਾਦ ਛਕਣਾ ਕਰੋ, ਬਾਲਮੀਕ ਜੀ ਨੇ ਖੱਟੇ ਮਿਠੇ ਸਲੂਣੇ ਆਦਿਕ ਪ੍ਰਸ਼ਾਦਿ ਭੋਜਨਾਂ ਨੂੰ ਥਾਲ ਵਿਚ ਇਕੱਠਿਆਂ ਕਰਕੇ ਕੌਲੀਆਂ ਇਕ ਪਾਸੇ ਰੱਖ ਦਿਤੀਆਂ ਅਤੇ ਭਗਵਾਨ ਨੂੰ ਭੋਗ ਲਵਾਕੇ ਪ੍ਰਸ਼ਾਦ ਛਕਣਾ ਸ਼ੁਰੂ ਕੀਤਾ। ਇਹ ਦੇਖਕੇ ਦ੍ਰੋਪਤੀ ਨੇ ਮਨ ਵਿਚ ਵਿਚਾਰ ਕੀਤੀ ਕਿ ਭਾਵੇਂ ਉਤਮ ਪੁਰਖ ਹਨ। ਨੀਚ ਜਾਤ ਦੇ ਹੋਣ ਕਰਕੇ ਇਹਨਾਂ ਨੂੰ ਪਦਾਰਥਾਂ ਦੀ ਪਰਖ ਨਹੀਂ ਹੈ। ਖੱਟੇ ਮਿੱਠੇ ਸਵਾਦਲੇ ਭੋਜਨਾਂ ਦਾ ਅਲਹਿਦਾ ਅਲਹਿਦਾ ਰਸ ਲੈਣਾ ਸੀ, ਮੈਂ ਇਤਨੀ ਮਿਹਨਤ ਕਰਕੇ ਪਦਾਰਥ ਤਿਆਰ ਕੀਤੇ ਇਸ ਨੇ ਮੱਝ ਦੇ ਗਦਾਵੇ ਵਾਂਗ ਇਕੱਠੇ ਕਰ ਦਿਤੇ। ਜੇ ਇਹਨਾਂ ਨੂੰ ਭੋਜਨਾਂ ਦੀ ਪਰਖ ਹੁੰਦੀ ਤਾਂ ਮਿਲਾਉਂਦੇ ਕਿਉਂ। ਬਾਲਮੀਕ ਜੀ ਨੇ ਭੋਜਨ ਛਕਿਆ ਤਾਂ ਸੰਖ ਵਜਿਆ ਪਰ ਥੋੜੀ ਅਵਾਜ਼ ਨਿਕਲੀ ਖੁੱਲਕੇ ਨਾ ਵਜਿਆ, ਤਾਂ ਕ੍ਰਿਸ਼ਨ ਜੀ ਨੇ ਆਪਣੇ ਹੱਥ ਦੀ ਖੂੰਡੀ ਸੰਖ ਨੂੰ ਮਾਰੀ ਅਤੇ ਕਿਹਾ ਹੇ ਸੰਖ! ਤੂੰ ਇਸ ਤਰ੍ਹਾਂ ਕਿਉਂ ਵਜਦਾ ਹੈਂ। ਕੀ ਤੈਨੂੰ ਇਹਨਾ ਮਹਾਂ ਪੁਰਸ਼ਾਂ ਦੇ ਪ੍ਰਭਾਵ ਦਾ ਪਤਾ ਨਹੀਂ। ਸੰਖ ਨੇ ਕਿਹਾ ਮਹਾਰਾਜ ਇਸ ਦੋਸ਼ ਦੀ ਜ਼ਿੰਮੇਵਾਰ ਦ੍ਰੋਪਦੀ ਹੈ। ਇਸ ਦਾ ਕਾਰਣ ਦ੍ਰੋਪਦੀ ਨੂੰ ਪੁੱਛੋ ਜਿਸ ਨੇ ਮਹਾਂਪੁਰਸ਼ਾਂ 'ਤੇ ਕਿੰਤੂ ਕੀਤਾ ਹੈ। ਦ੍ਰੋਪਦੀ ਨੂੰ ਪੁਛਿਆ ਤਾਂ ਉਸਨੇ ਸਾਰੀ ਕਹਾਣੀ ਦੱਸ ਦਿਤੀ ਕਿ ਮੈਂ ਵਰ ਜ਼ਰੂਰ ਕਿੰਤੂ ਕੀਤਾ ਹੈ। ਫਿਰ ਕ੍ਰਿਸ਼ਨ ਜੀ ਨੇ ਬਾਲਮੀਕ ਜੀ ਨੂੰ ਪੁੱਛਿਆ ਕਿ ਤੁਸਾਂ ਸਾਰੇ ਪਦਾਰਥ ਰਲਾਕੇ ਕਿਉਂ ਖਾਧੇ ਸਨ। ਤੁਸਾਂ ਨੂੰ ਖੱਟੇ ਮਿੱਠੇ ਲੂਣੇ ਆਦਿਕ ਦੀ ਪਰਖ ਨਹੀਂ ਸੀ, ਬਾਲਮੀਕ ਜੀ ਨੇ ਕਿਹਾ ਭਗਵਾਨ ਮੈਂ ਤਾਂ ਆਪ ਜੀ ਦਾ ਸੀਤ ਪ੍ਰਸ਼ਾਦਿ ਛਕਦਾ ਹਾਂ। ਤੁਹਾਨੂੰ ਭੋਗ ਲਵਾਣ ਲਈ ਜੇ ਮੈਂ ਲੂਣ ਵਾਲੀ ਕੋਈ ਵਸਤੂ ਆਪ ਜੀ ਨੂੰ ਦੇਂਦਾ ਤਾਂ ਲੂਣ ਵਾਲੀ ਵਸਤੂ ਨੇ ਸੀਤ ਪ੍ਰਸ਼ਾਦਿ ਹੋਣਾ ਸੀ। ਨਾਲੇ ਮੈਂ ਸੋਚਿਆ ਕਿ ਭਗਵਾਨ ਖਬਰੇ ਕਿਹੜੀ ਵਸਤੂ ਨੂੰ ਪ੍ਰੇਮ ਨਾਲ ਛਕਣਗੇ ਇਸ ਕਰਕੇ ਸਾਰੇ ਪਦਾਰਥ ਇਕੱਠੇ ਕਰਕੇ ਆਪ ਜੀ ਨੂੰ ਭੋਗ ਲਵਾਇਆ ਕਿ ਆਪ ਸਾਰਿਆਂ ਨੂੰ ਭੋਗ ਲਾਵੋ। ਇਸ ਕਰਕੇ ਮੈਂ ਸਾਰਿਆਂ ਨੂੰ ਇਕੱਠਾ ਕੀਤਾ ਕਿ ਸਾਰੇ ਹੀ ਸੀਤ ਪ੍ਰਸ਼ਾਦ ਹੋ ਜਾਣਗੇ। ਹੇ ਭਗਵਾਨ ਏਹੋ ਕਾਰਨ ਹੈ ਇਕੱਠੇ ਕਰਕੇ ਛਕਣ ਦਾ। ਜਿਸ ਵੇਲੇ ਦ੍ਰੋਪਦੀ ਨੇ ਸ਼ਰਧਾ ਭਗਤੀ ਵਾਲੇ ਬਚਨ ਸੁਣੇ ਤਾਂ ਆਪਣੀ ਗਲਤੀ 'ਤੇ ਪਸ਼ਚਾਤਾਪ ਕੀਤਾ ਅਤੇ ਭਗਵੰਤ ਪਿਆਰੇ ਬਾਲਮੀਕ ਜੀ ਦੇ ਚਰਨਾਂ ਤੇ ਸਿਰ ਰੱਖ ਕੇ ਜ਼ਾਰੋ ਜ਼ਾਰ ਰੋਈ ਅਤੇ ਮਾਫੀ ਮੰਗੀ।

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥

(ਪੰਨਾ ੫੪੪)

ਭਗਤ ਜੀ ਨੇ ਮਾਫੀ ਦੇ ਦਿਤੀ ਅਤੇ ਸੰਖ ਜ਼ੋਰ ਸ਼ੋਰ ਨਾਲ ਵੱਜਿਆ। ਸੰਖ ਦੀਆਂ ਆਵਾਜ਼ਾਂ ਮਾਤ ਲੋਕ, ਪਾਤਾਲ ਲੋਕ, ਸੁਰਗ ਲੋਕ ਤਕ ਸੁਣੀਆਂ। ਤਿੰਨਾਂ ਲੋਕਾਂ ਵਿਚ ਪਾਂਡਵਾਂ ਦੀ ਜੈ ਜੈਕਾਰ ਹੋਈ। ਸਵਰਗ ਲੋਕ ਦੇ ਦੇਵਤਿਆਂ ਨੇ ਫੁੱਲਾਂ ਦੀ ਬਰਖਾ ਕੀਤੀ, ਯਗ ਸੰਪੂਰਨ ਹੋ ਗਿਆ।

ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ॥

ਹਰਿ ਆਪਣੀ ਵਡਿਆਈ ਭਾਵ ਦੀ ਜਨਕਾ ਜੈਕਾਰੁ ਕਰਾਈ॥

(ਪੰਨਾ ੬੫੨)

ਭਾਵ:- ਕ੍ਰਿਸ਼ਨ ਭਗਵਾਨ ਨੇ ਆਪਣੇ ਜਨ ਬਾਲਮੀਕ ਦੁਆਰਾ ਪਾਂਡਵਾਂ ਦਾ ਯਗ ਸੰਪੂਰਨ ਕਰਾਇਆ। ਇਹ ਸਿੱਧ ਕਰ ਦਿਤਾ ਕਿ ਨੀਚ ਜਾਤੀ ਵਾਲਾ ਵੀ ਆਤਮ ਦਰਸ਼ੀ, ਬ੍ਰਹਮਗਿਆਨੀ, ਬ੍ਰਹਮ ਨੇਸ਼ਟੀ ਸਾਧੂ ਹੋ ਸਕਦਾ ਹੈ। ਸਾਧੂ ਜਿਸ ਵੇਲੇ ਪ੍ਰਭੂ ਵਿਚ ਅਭੇਦ ਹੋ ਜਾਵੇ ਆਪਣੇ ਸੇਵਕਾਂ ਦੀਆਂ ਮੁਰਾਦਾਂ ਪੂਰੀਆਂ ਕਰ ਸਕਦਾ ਹੈ। ਏਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਆਪਣੇ ਮਹਿਲ ਮਾਤਾ ਗੰਗਾ ਜੀ ਨੂੰ ਬ੍ਰਹਮ ਗਿਆਨੀ ਸਿੱਖ ਬਾਬਾ ਬੁੱਢਾ ਜੀ ਪਾਸ ਪੁੱਤਰ ਪ੍ਰਾਪਤੀ ਲਈ ਭੇਜਿਆ ਸੀ। ਬਾਬਾ ਬੁੱਢਾ ਜੀ ਦੇ ਬਚਨਾਂ ਕਰਕੇ ਹਰਗੋਬਿੰਦ ਸਾਹਿਬ ਜੀ ਮਾਤਾ ਗੰਗਾ ਜੀ ਦੇ ਉਦਰ ਤੋਂ ਪ੍ਰਗਟ ਹੋਏ। ਗੁਰੂ ਜੀ ਨੇ ਬਾਬਾ ਬੁਢਾ ਜੀ ਨੂੰ ਇਹ ਵਡਿਆਈ ਦਿਤੀ ਅਤੇ ਉਨ੍ਹਾਂ ਦੀ ਜੈ ਜੈ ਕਾਰ ਕਰਾਈ। ਜਿਸ ਤਰ੍ਹਾਂ ਕ੍ਰਿਸ਼ਨ ਭਗਵਾਨ ਆਪ ਯਗ ਵਿਚ ਬੈਠੇ ਸਨ ਪਰ ਵਡਿਆਈ ਆਪਣੇ ਭਗਤ ਬਾਲਮੀਕ ਜੀ ਦੀ ਕਰਾਈ। ਪ੍ਰਮਾਤਮਾ ਨੂੰ ਆਪਣੇ ਭਗਤ ਪਿਆਰੇ ਹਨ, ਇਸ ਦੇ ਸਬੰਧ ਵਿਚ ਭਗਤ ਰਵਿਦਾਸ ਜੀ ਇਸ ਤਰ੍ਹਾਂ ਲਿਖਦੇ ਹਨ।

ਰਾਗ ਕੇਦਾਰਾ ਰਵਿਦਾਸ ਜੀ

॥੧॥ ਰੇ ਚਿਤ ਚੇਤਿ ਚੇਤ ਅਚੇਤ॥
ਕਾਹੇ ਨਾ ਬਾਲ ਮੀਕਹਿ ਦੇਖ॥

ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ॥

(ਪੰਨਾ ੧੧੨੪)

ਅਰਥ:- ਹੇ ਅਚੇਤ=ਭੁੱਲੇ ਹੋਏ ਬੰਦੇ ਤੂੰ ਵਾਹਿਗੁਰੂ ਨੂੰ ਚੇਤੇ ਕਰ ਤੂੰ ਬਾਲਮੀਕ ਦੀ ਅਵਸਥਾ ਵੱਲ ਕਿਉਂ ਨਹੀਂ ਦੇਖਦਾ, ਜਿਸ ਨੇ ਪਰਮਾਤਮਾ ਦੀ ਬੰਦਗੀ ਕਰਕੇ ਪਾਂਡਵਾਂ ਦਾ ਯਗ ਸੰਪੂਰਨ ਕੀਤਾ ਸੀ। ਵਾ=ਸਾਰੇ ਸਾਧੂਆਂ, ਬ੍ਰਾਹਮਣਾਂ, ਰਿਖੀਆਂ ਮੁਨੀਆਂ ਨੂੰ ਛੱਡ ਕੇ ਭਗਵਾਨ ਨੇ ਵਡਿਆਈ ਦੇ ਕੇ ਜਾਤ ਪਾਤ ਵਾਲਾ ਬ੍ਰਾਹਮਣਾਂ ਦਾ ਹੰਕਾਰ ਤੋੜਿਆ ਸੀ। ਇਸੇ ਤਰ੍ਹਾਂ ਤ੍ਰੇਤੇ ਯੁੱਗ ਵਿਚ ਰਾਮ ਚੰਦਰ ਜੀ ਨੇ ਨੀਚ ਜਾਤ ਵਾਲੀ ਭਗਤਣੀ ਨੂੰ ਪੰਪਾਸਰ ਤੀਰਥ ਦੇ ਕਿਰਮ ਖਤਮ ਕਰਨ ਲਈ ਵਡਿਆਈ ਦਿਤੀ ਸੀ। ਬ੍ਰਾਹਮਣਾਂ ਦਾ ਮਾਣ ਤੋੜਿਆ ਸੀ। ਇਸੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾਉਣ ਸਮੇਂ ਕਿਸੇ ਉਚੀ ਜਾਤ ਨੂੰ ਵਡਿਆਈ ਨਹੀਂ ਦਿਤੀ ਜ਼ਿਆਦਾਤਰ ਨੀਚ ਜਾਤ ਨੂੰ ਹੀ ਵਡਿਆਈ ਦਿਤੀ। ਪੰਜਾਂ ਪਿਆਰਿਆਂ ਵਿਚ ਝੀਵਰ ਜਾਤੀ, ਛੀਂਬਾ ਜਾਤੀ, ਨਾਈ ਜਾਤੀ ਅਤੇ ਜਾਟ ਜਾਤੀ ਖਤਰੀ ਜਾਤੀ ਇਹਨਾਂ ਪੰਜਾਂ ਪਿਆਰਿਆਂ ਵਿਚੋਂ ਸਭ ਤੋਂ ਉਚੀ ਜਾਤ ਭਾਈ ਦਯਾ ਰਾਮ ਖਤਰੀ ਦੀ ਹੈ। ਬਾਕੀ ਵੈਸ਼ਾਂ ਵਿਚ ਆਉਂਦੇ ਹਨ। ਖਤਰੀ, ਬ੍ਰਾਹਮਣ, ਸ਼ੂਦ੍ਰ, ਵੈਸ਼, ਚਾਰ ਵਰਨ ਹਨ। ਪਹਿਲੇ ਨੰਬਰ ਤੇ ਉਚੀ ਜਾਤੀ ਬ੍ਰਾਹਮਣੀ ਦੀ ਮੰਨੀ ਜਾਂਦੀ ਹੈ। ਦੂਜੇ ਨੰਬਰ ਤੇ ਖਤਰੀ ਹਨ, ਅਤੇ ਤੀਜੇ ਨਬੰਰ ਤੇ ਵੈਸ਼=ਵਰਨ ਵਾਲੇ ਆਉਂਦੇ ਹਨ, ਜਿਸ ਵੈਸ਼ ਵਰਨ ਵਿਚ ਨਾਈ ਛੀਂਬੇ, ਝੀਵਰ, ਜਾਟ, ਤਰਖਾਣ, ਲੁਹਾਰ ਆਦਿਕ ਜਾਤਾਂ ਆਉਂਦੀਆਂ ਹਨ। ਅਤੇ ਚੌਥਾ ਵਰਨ ਸ਼ੂਦ੍ਰਾਂ ਦਾ ਹੈ ਜਿਸ ਵਿਚ ਸਡੂਲ ਕਾਸ਼ਟਾਂ ਦੀਆਂ ਕਈ ਜਾਤਾਂ ਆਉਂਦੀਆਂ ਹਨ। ਯੱਗ ਤਾਂ ਪਾਂਡਵਾਂ ਦਾ ਕ੍ਰਿਸ਼ਨ ਭਗਵਾਨ ਆਪ ਸੰਪੂਰਨ ਕਰ ਸਕਦੇ ਸੀ। ਪਰ ਆਪਣੇ ਭਗਤ ਬਾਲਮੀਕ ਨੂੰ ਵਡਿਆਈ ਦੇਣ ਲਈ ਇਹ ਕੌਤਕ ਰਚਿਆ ਸੀ।

ਹੋਈਆਂ ਭੁਲਾਂ ਦੀ ਮੁਆਫੀ ਚਾਹੁੰਦਾ ਹਾਂ। ਤੁਹਾਡੀਆਂ ਕਾਲਾਂ ਆਉਣ ਤੇ ਧੰਨਵਾਦ।

- ਕਰਨੈਲ ਸਿੰਘ ਟੋਰਾਂਟੋ: 416-746-7642

# ਬੱਸ ਦੇ ਇੰਜਣ 'ਤੇ ਬੈਠ ਕੇ ਸਫਰ ਕਰਦਿਆਂ

-ਹਰਕੰਵਲ ਕੰਗ



ਸਰਹੰਦ ਜਾਣ ਦਾ ਪ੍ਰੋਗਰਾਮ ਬਣਿਆ। ਇਕੱਲਾ ਹੋਣ ਕਰਕੇ ਘਰੋਂ ਹਦਾਇਤ ਹੋਈ ਕਿ ਬੱਸ 'ਤੇ ਹੀ ਚਲੇ ਜਾਇਓ, ਇਥੇ ਹੀ ਬੱਸ ਨਹੀਂ ਹੋਈ, ਸਗੋਂ ਕਿਸੇ ਵੀ ਆਈ ਪੀ ਵਾਂਗ ਮੇਰਾ ਰੂਟ ਪ੍ਰੋਗਰਾਮ ਵੀ ਬਣਾ ਦਿੱਤਾ ਗਿਆ, ਤੁਸੀਂ ਆਟੋ ਵਿੱਚ ਦਸ ਗਿਆਰਾਂ (ਫੇਜ਼) ਦੀਆਂ ਲਾਈਟਾਂ ਉਤੇ ਚਲੇ ਜਾਣਾ, ਉਥੋਂ ਸੱਤ ਫੇਜ਼ ਦੀਆਂ ਲਾਈਟਾਂ 'ਤੇ, ਫਿਰ ਤੁਹਾਨੂੰ ਸਿੱਧੀ ਸਰਹੰਦ ਵਾਲੀ ਬੱਸ ਮਿਲ ਜਾਵੇਗੀ।

ਬਣਾਏ ਪ੍ਰੋਗਰਾਮ ਅਨੁਸਾਰ ਆਟੋਆਂ ਵਿੱਚ ਸਫਰ ਕਰਦਾ ਸੱਤ ਫੇਜ਼ ਪੁੱਜ ਗਿਆ। ਥੋੜ੍ਹੀ ਦੇਰ ਸੜਕ ਕਿਨਾਰੇ ਰੁੱਖ ਥੱਲੇ ਗਰਮੀ ਤੋਂ ਰਾਹਤ ਲਈ ਛਾਂ ਦਾ ਆਸਰਾ ਲਿਆ। ਭਾਦੋਂ ਦਾ ਵੱਟ ਮੇਰੇ ਵੱਟ ਕੱਢ ਰਿਹਾ ਸੀ। ਮੇਰੀਆਂ ਨਜ਼ਰਾਂ ਕਿਸੇ ਸ਼ਿਕਾਰੀ ਵਾਂਗ ਚੰਡੀਗੜ੍ਹ ਤੋਂ ਆਉਣ ਵਾਲੀ ਬੱਸ ਉਤੇ ਲੱਗੀਆਂ ਸਨ। ਇੰਨੇ ਨੂੰ ਇਕ ਗੁਰਸਿੱਖ ਨੇ ਬੇਹੱਦ ਹਲੀਮੀ ਨਾਲ ਪੁੱਛਿਆ, 'ਵੀਰ ਜੀ, ਕਿੰਨੀ 'ਕੁ ਦੇਰ ਤੁਹਾਨੂੰ ਖੜਿਆਂ ਨੂੰ ਹੋ ਗਈ?' ਮੈਂ ਕਿਹਾ, 'ਸ਼ਾਇਦ ਦਸ ਕੁ ਮਿੰਟ, ਅਹੁ ਤਿੰਨ ਚਾਰ ਜਣੇ ਮੈਥੋਂ ਪਹਿਲਾਂ ਦੇ ਖੜੇ ਹਨ, ਸ਼ਾਇਦ ਪਿਛਲੇ ਵੀਹ ਕੁ ਮਿੰਟ ਤੋਂ ਬੱਸ ਨਹੀਂ ਆਈ।' ਉਹ ਕਹਿਣ ਲੱਗਾ ਕਿ ਮੁਹਾਲੀ ਦੇ ਅੱਡੇ ਵਿੱਚੋਂ ਇਕ ਵਜੇ ਬੱਸ ਚੱਲੇਗੀ।

ਇਹ ਸੁਣ ਕੇ ਘੁਮੇਰ ਜਿਹੀ ਆਉਂਦੀ ਜਾਪੀ। ਆਲੇ ਦੁਆਲੇ ਸਵਾਰੀਆਂ ਦੇ ਬੈਠਣ ਲਈ ਥਾਂ ਨਹੀਂ ਸੀ। ਲਾਈਟਾਂ 'ਤੇ ਬੱਤੀਆਂ ਲਾਲ ਤੋਂ ਬਾਅਦ ਹਰੀਆਂ ਹੁੰਦੀਆਂ ਸਾਰ ਵਾਹਨ ਧੂੰਆਂ ਛੱਡਦੇ ਵਾਹੋ-ਦਾਹੀ ਦੌੜਦੇ, ਲਾਲ ਬੱਤੀ ਹੁੰਦਿਆਂ ਸਾਰ ਰੁਕਦੇ ਤੇ ਅਸੀਂ ਮੁਫਤੋ-ਮੁਫਤ ਧੂੰਆਂ 'ਛਕ' ਰਹੇ ਸਾਂ। ਮੈਨੂੰ ਆਪਣਾ ਸਿਰ, ਹਦਵਾਣਾ ਹੋ ਗਿਆ ਜਾਪਿਆ, ਮੈਂ ਕਿਉਂ ਬੱਸ 'ਚ ਜਾਣ ਲਈ ਆਖੇ ਲੱਗ ਗਿਆ! ਸ਼ਾਇਦ ਬੱਚਤ ਦਾ ਖਿਆਲ ਭਾਰੂ ਸੀ ਜਿਸ ਕਰਕੇ ਮਾਰੂ ਫੈਸਲਾ ਹੋ ਗਿਆ ਸੀ।

ਸਾਹਮਣੇ ਖੜੇ ਸਿੰਘ ਨੂੰ ਧਿਆਨ ਨਾਲ ਦੇਖਿਆ ਤਾਂ ਉਹ ਫਹੁੜੀਆਂ ਭਾਰ ਸੀ। ਦੋਵੇਂ ਲੱਤਾਂ ਨਾਕਾਰਾ ਸਨ। ਬੱਸ ਨਾ ਆਉਂਦੀ ਦੇਖ ਉਹ ਭੁੰਜੇ ਬਹਿ ਗਿਆ, ਪਰ ਮੇਰੇ ਲਈ ਮੇਰਾ ਪਹਿਰਾਵਾ ਅੜਿੱਕਾ ਬਣ ਗਿਆ ਸੀ। ਪਿੱਛੋਂ ਸਲਿੱਪ ਰੋਡ ਤੋਂ ਆਟੋ ਹਰ ਪੰਜ ਦਸ ਮਿੰਟ ਬਾਅਦ ਖੌਰੂ ਪਾਉਂਦੇ ਆ ਰਹੇ ਸਨ। ਚਾਲਕ ਸੰਘ ਪਾੜ ਕੇ ਸੋਹਾਣਾ ਲਾਂਡਰਾਂ ਲਈ ਹਾਕਾਂ ਮਾਰਦੇ, ਜਿਵੇਂ ਸਾਨੂੰ ਪ੍ਰੇਰਨ ਦੀ ਕੋਸ਼ਿਸ਼ ਕਰਦੇ ਹੋਣ ਕਿ ਆ ਜਾਓ 'ਬੁੱਧੂਓ', ਬੱਸ ਤਾਂ ਆਉਣੀ ਨਹੀਂ, ਪਰ ਸਫਰ ਲੰਮਾ ਹੋਣ ਕਰਕੇ ਮੁੜ ਆਟੋ ਲੈਣ ਦਾ ਖਿਲਾਫ ਵੀ ਨਹੀਂ ਕਰ ਸਕਦਾ ਸੀ। ਨਵੇਂ ਬਣੇ ਇਕ ਦੋ ਹਮਸਫਰਾਂ ਨੇ ਲਾਂਡਰਾਂ ਤੱਕ ਆਟੋ ਲੈਣ ਦੀ ਗੱਲ ਤੋਰੀ, ਪਰ ਮੈਂ ਹਾਮੀ ਨਾ ਭਰੀ। ਕੋਲੋਂ ਸੀ ਟੀ ਯੂ ਦੀਆਂ ਲੋਕਲ ਬੱਸਾਂ ਵੀ ਤੇਜ਼ ਸਪੀਡ ਵਿੱਚ ਲੰਘਦੀਆਂ ਗਈਆਂ। ਬੱਸ ਦੀ ਉਡੀਕ ਕਰਦੀਆਂ ਸਵਾਰੀਆਂ ਵਿੱਚ ਹੁਣ ਕੁਝ ਸਕੂਲੀ ਵਿਦਿਆਰਥੀ ਵੀ ਸ਼ਾਮਲ ਹੋ ਗਏ ਸਨ।

ਇੰਨੇ ਨੂੰ ਬੱਸ ਆਉਂਦੀ ਨਜ਼ਰੀਂ ਪਈ। ਸਵਾਰੀਆਂ ਇਕ ਦੂਜੇ ਦਾ ਸਾਥ ਛੱਡ ਕੇ ਬੱਸ ਵੱਲ ਦੌੜਨ ਲਈ ਤਿਆਰ ਹੋ ਗਈਆਂ। ਮੇਰਾ ਧਿਆਨ ਕੁਝ ਪਲਾਂ ਦੇ ਸਾਥੀ ਵੱਲ ਗਿਆ- ਯਾਰ ਇਹ ਕਿਵੇਂ ਚੜ੍ਹੇਗਾ? ਮੈਂ ਪਾੜ੍ਹਿਆਂ ਨੂੰ ਮੁਖਾਤਬ ਹੋਇਆ, 'ਬਈ ਇਕ ਸੀਟ ਵੀਰ ਲਈ ਰਿਜ਼ਰਵ ਕਰਿਓ।' ਪਹਿਲਾਂ ਭਰੀ ਬੱਸ ਵਿੱਚ ਮੈਂ ਆਪਣੇ ਇਸ ਸਾਥੀ ਨੂੰ ਪਹਿਲਾਂ ਚੜ੍ਹਾਉਂਦਾ ਸਭ ਤੋਂ ਬਾਅਦ ਵਿੱਚ ਚੜ੍ਹ ਸਕਿਆ। ਉਸ ਵੀਰ ਨੂੰ ਦੇਖਦਿਆਂ ਸਾਰ ਕੰਡਕਟਰ ਕਹਿਣ ਲੱਗਾ, 'ਤੂੰ ਯਾਰ ਅਗਲੀ 'ਚ ਆ ਜਾਵੀਂ, ਜਗ੍ਹਾ ਤਾਂ ਹੈ ਨੀ।' ਮੈਂ ਕਿਹਾ, 'ਕੋਈ ਨੀ ਚੜ੍ਹਾ ਲੈ, ਇਹਦੇ ਲਈ ਤਾਂ ਚੜ੍ਹਨਾ ਵੀ ਮੁਸ਼ਕਿਲ ਹੈ।'

ਖੈਰ! ਅਸੀਂ ਬੱਸ ਵਿੱਚ ਸਵਾਰ ਹੋ ਗਏ। ਅੱਗੇ ਪਿੱਛੇ ਹੋ ਕੇ ਪਾਸੇ ਮਾਰ ਕੇ ਖੜਨ ਯੋਗੀ ਥਾਂ ਬਣ ਗਈ। ਰੋਡਵੇਜ਼ ਦੀ ਖਟਾਰਾ ਬੱਸ ਆਪਣੇ ਵਿਤੋਂ ਡੂਢੀਆਂ ਸਵਾਰੀਆਂ ਲੈ ਕੇ ਮੰਜ਼ਿਲ ਵੱਲ ਵਧਣ ਲੱਗੀ। ਥੋੜ੍ਹੀ ਦੇਰ ਬਾਅਦ ਦੇਖਿਆ, ਬੱਸ ਲਿੰਕ ਰੋਡ ਨੂੰ ਪੈ ਚੁੱਕੀ ਸੀ। ਪੁੱਛਿਆ ਕਿ ਕਿਹੜਾ ਪਿੰਡ ਹੈ ਤਾਂ ਇਕ ਸਵਾਰੀ ਨੇ ਦੱਸਿਆ ਕਿ ਬੈਰੋਪੁਰ ਭਾਗੋ ਮਾਜਰਾ ਆ ਗਿਆ, ਪਰ ਬੱਸ ਨੇ ਸਰਹੰਦ ਜਾਣਾ ਸੀ, ਇਹ ਕਿੱਧਰ ਨੂੰ ਪੈ ਗਈ। ਪਤਾ ਲੱਗਾ ਕਿ ਬੱਸ ਲਾਂਡਰਾਂ ਵਿੱਚ ਲੱਗਦੇ ਜਾਮ ਤੋਂ ਬਚਣ ਲਈ ਘੁੰਮ ਕੇ ਜਾ ਰਹੀ ਹੈ।

ਇਸੇ ਦੌਰਾਨ ਸੁਹਾਣਿਓ ਚੜ੍ਹੀ ਤਾਕੀ ਵਿੱਚ ਖੜੀ ਬਜ਼ੁਰਗ ਮਾਈ ਨੂੰ ਦੇਖ ਕੇ ਡਰਾਈਵਰ ਕੰਡਕਟਰ ਨੂੰ ਸੰਬੋਧਨ ਹੋਇਆ, 'ਓ ਆਹ ਮਾਈ ਨੂੰ ਉਤੇ ਕਰ ਲੈ।' ਮੇਰਾ ਧਿਆਨ ਮਾਈ ਵੱਲ ਗਿਆ। ਉਹਦੀ ਅੱਖ ਉਤੇ ਪੱਟੀ ਬੰਨ੍ਹੀ ਹੋਈ ਸੀ, ਉਸ ਦੇ ਦਰਦ ਦਾ ਅਹਿਸਾਸ ਹੋਇਆ। ਉਹਨੇ ਕੰਡਕਟਰ ਨੂੰ ਸੀਟ ਲਈ ਤਰਲਾ ਮਾਰਿਆ। ਕੰਡਕਟਰ ਨੇ ਝੱਟ ਜਵਾਬ ਦਿੱਤਾ, 'ਬੇਬੇ ਤੈਨੂੰ ਕਿਹਾ ਤਾਂ ਸੀ, ਅਗਲੀ ਬੱਸ ਆ ਜਾਵੀਂ।' ਸੀਟੀ ਵੱਜ ਚੁੱਕੀ ਸੀ, ਬੇਬੇ ਇਕ ਪਾਸੇ ਬੱਸ ਦਾ ਪਾਈਪ ਫੜੀ ਖੜੀ ਸੀ, ਸ਼ਾਇਦ ਉਸ ਦੇ ਨਾਲ ਵੀ ਕੋਈ ਨਹੀਂ ਸੀ। ਬੱਸ ਝੰਜੇੜੀ ਪੁੱਜੀ, ਕੁਝ ਸਵਾਰੀਆਂ ਉਤਰੀਆਂ ਤਾਂ ਬੇਬੇ ਨੂੰ ਸੀਟ ਮਿਲ ਗਈ ਤੇ ਇਸ ਉਥਲ ਪੁਥਲ ਵਿੱਚ ਮੈਂ ਵੀ ਇੰਜਣ ਉਤੇ ਬੈਠ ਗਿਆ। ਇੰਨੇ ਨੂੰ ਛੋਟਾ ਜਿਹਾ ਜਵਾਕ ਮੇਰੀ ਲੱਤ ਦੇ ਆਸਰੇ ਖੜਾ ਮਹਿਸੂਸ ਹੋਇਆ, ਮੈਂ ਉਹਨੂੰ ਫੜ ਕੇ ਲੱਤ ਉਤੇ ਬਿਠਾ ਲਿਆ।

ਦਿਮਾਗ ਵਿੱਚ ਬੈਰੋਪੁਰ ਦਾ ਖਿਆਲ ਉਠਿਆ ਤਾਂ ਰੱਬੀ ਬੈਰੋਪੁਰੀ ਵਾਲੀ ਦਿਮਾਗ ਦੀ ਖਿੜਕੀ ਖੁੱਲ੍ਹ ਗਈ। ਬਾਹਰੀ ਤਪਸ਼ ਤੋਂ ਬੇਪ੍ਰਵਾਹ ਉਸ ਦੇ ਖੇਡੇ ਪੇਂਡੂ ਡਰਾਮੇ, ਉਸ ਦੀ ਅਦਾਕਾਰੀ ਤੇ ਪੰਜਾਬ ਦਾ ਨਚਾਰ ਸੱਭਿਆਚਾਰ ਅੱਖਾਂ ਅੱਗੇ ਆ ਗਿਆ। ਇਕ ਵਾਰ ਅੱਖਾਂ ਠੰਢਕ ਨਾਲ ਸਰਸ਼ਾਰ ਹੋ ਗਈਆਂ। ਖਿਆਲਾਂ ਦੀ ਉਡਾਰੀ 'ਚ ਸਰਦੂਲ ਸਿਕੰਦਰ ਆ ਗਿਆ, ਜਿਸ ਨੇ ਮੁਹੰਮਦ ਸਦੀਕ ਤੋਂ ਲੈ ਕੇ ਯਮਲਾ ਜੱਟ ਤੱਕ ਦੇ ਅੰਦਾਜ਼ ਵਿੱਚ ਗਾ ਕੇ ਰੋਡਵੇਜ਼ ਦੀ ਲਾਰੀ ਦੀਆਂ 'ਸਿਫਤਾਂ' ਕੀਤੀਆਂ ਨੇ, 'ਓ ਆ ਗਈ ਰੋਡਵੇਜ਼ ਦੀ ਲਾਰੀ, ਨਾ ਕੋਈ ਸ਼ੀਸ਼ਾ ਨਾ ਕੋਈ ਬਾਰੀ।'

ਮੈਂ ਸੋਚਣ ਲੱਗਾ, ਇੰਨੇ ਸਾਲਾਂ ਵਿੱਚ ਵੀ ਰੋਡਵੇਜ਼ ਦੀ ਹਾਲਤ ਕਿਉਂ ਨਹੀਂ ਸੁਧਰੀ? ਆਮ ਲੋਕਾਂ ਵੱਲ ਸਾਡੇ ਨੁਮਾਇੰਦਿਆਂ ਦਾ ਖਿਆਲ ਕਿਉਂ ਨਹੀਂ ਜਾਂਦਾ? ਜਾਵੇ ਵੀ ਕਿਉਂ, ਉਹ ਕਿਹੜਾ ਕਦੇ ਰੋਡਵੇਜ਼ ਦੀ ਸਵਾਰੀ ਬਣੇ ਹਨ। ਕੋਈ ਸਮਾਂ ਸੀ, ਰੋਡਵੇਜ਼ ਵਿੱਚ ਐਮ ਐਲ ਏ ਲਈ ਰਾਖਵੀਂ ਸੀਟ ਹੁੰਦੀ ਸੀ, ਸ਼ਾਇਦ ਹਾਲੇ ਵੀ ਹੋਵੇ। ਵਿਚਾਰਾਂ ਦੀ ਇਸ ਭੰਨਤੋੜ ਦੌਰਾਨ ਇਕ ਬਜ਼ੁਰਗ ਨੇ ਕਿਹਾ, 'ਪੁੱਤ ਆਹ ਖੂੰਡੀ ਫੜੀ।' ਮੇਰੀ ਇਕ ਲੱਤ ਉਤੇ ਜਵਾਕ ਤੇ ਦੂਜੇ ਹੱਥ ਖੂੰਡੀ ਸੀ। ਬਾਬਾ ਕਾਫੀ ਬਜ਼ੁਰਗ ਪਰ ਕਬੀਲਦਾਰ ਹੰਢਿਆ ਹੋਇਆ ਇਨਸਾਨ ਜਾਪਿਆ। ਉਂਜ ਉਸ ਦੀਆਂ ਅੱਖਾਂ ਉਤੇ ਲੱਗੀ ਐਨਕ ਉਸ ਦੀ ਹਾਲਤ ਦਰਸਾਉਣ ਲਈ ਕਾਫੀ ਸੀ। ਇੰਨੀ ਭੀੜ ਵਿੱਚ ਉਸ ਦਾ ਇੰਜਣ ਉਤੇ ਬੈਠਣ ਲਈ ਪੁੱਜਣਾ ਨਾ-ਮੁਮਕਿਨ ਸੀ। ਕੁਝ ਸਮੇਂ ਬਾਅਦ ਕਿਸੇ ਨੌਜਵਾਨ ਨੇ ਬਾਬੇ ਨੂੰ ਸੀਟ ਦੇ ਦਿੱਤੀ। ਸਕੂਨ ਮਿਲਿਆ। ਬਾਬਾ ਗੋਬਿੰਦਗੜ੍ਹ ਜਾ ਰਿਹਾ ਸੀ।

ਖਿਆਲਾਂ ਦੀ ਲੜੀ ਅੱਗੀ ਵਧੀ। ਬੱਸ ਵਿੱਚ ਵਧੇਰੇ ਕਰਕੇ ਮੁਰਝਾਏ ਚਿਹਰਿਆਂ ਵਾਲੇ ਥੁੜ੍ਹਾਂ ਮੇਰੇ ਲੋਕ ਸਨ। ਦਰਦ ਪੜ੍ਹਨ ਲਈ ਚਿਹਰੇ ਹੀ ਕਾਫੀ ਸਨ। ਮਨ ਵਿੱਚ ਸਵਾਲ ਪੈਦਾ ਹੋਇਆ ਕਿ ਸਰਕਾਰ ਜੇ ਰੋਡਵੇਜ਼ ਨੂੰ ਨਹੀਂ ਸਾਂਭ ਸਕਦੀ ਤਾਂ ਪ੍ਰਾਈਵੇਟ ਬੱਸਾਂ ਦੇ ਟਾਈਮ ਤਾਂ ਵਧਾ ਸਕਦੀ ਹੈ, ਫਿਰ ਪ੍ਰਾਈਵੇਟ ਬੱਸਾਂ ਵਾਲਿਆਂ ਦੀ ਦਾਦਾਗਿਰੀ ਦੀ ਫਿਲਮ ਦਿਮਾਗ 'ਚ ਚੱਲ ਪਈ ਸੀ। ਇੰਨੇ ਨੂੰ ਬੱਸ ਵੱਡਾ ਜੰਪ ਕਰਕੇ ਖੜ-ਖੜ ਕਰਦੀ ਖੜ ਗਈ, ਕਹਿੰਦੇ ਸ਼ਾਇਦ ਐਕਸਲ ਟੁੱਟ ਗਿਆ ਹੈ। ਗੁਰਦਾਸ ਮਾਨ ਦਾ ਗੀਤ ਸੱਚ ਸਾਬਤ ਹੋ ਰਿਹਾ ਸੀ, ਇਹ ਰੋਡਵੇਜ਼ ਦੀਆਂ ਲਾਰੀਆਂ, ਧੱਕੇ ਲਾਉਣ ਸਵਾਰੀਆਂ।

# ਰਸੋਈ ਤਿੰਨ ਰਤਨ ਦਾਲ



ਸਮੱਗਰੀ-ਛੋਲਿਆਂ ਦੀ ਦਾਲ 75 ਗਰਾਮ, ਹਰੇ ਛੋਲੇ 75 ਗਰਾਮ, ਅਰਹਰ 25 ਗਰਾਮ, ਪਾਣੀ 2300 ਮਿਲੀਲੀਟਰ, ਹਲਦੀ 1/4 ਟੀ ਸਪੂਨ, ਨਮਕ ਇੱਕ ਟੀ ਸਪੂਨ, ਹਰੀ ਮਿਰਚ ਇੱਕ, ਤੇਲ 20 ਮਿਲੀਲੀਟਰ, ਹਰੀ ਇਲਾਇਚੀ ਦੋ ਫਲੀਆਂ, ਲੌਂਗ ਦੋ ਫਲੀਆਂ, ਸੁੱਕੀ ਲਾਲ ਮਿਰਚ ਇੱਕ, ਜੀਰਾ ਅੱਧਾ ਟੀ ਸਪੂਨ, ਹਿੰਙ ਇੱਕ ਚੌਥਾਈ ਟੀ ਸਪੂਨ, ਅਦਰਕ ਅੱਧਾ ਟੀ ਸਪੂਨ, ਲਸਣ ਅੱਧਾ ਟੀ ਸਪੂਨ, ਪਿਆਜ਼ 75 ਗਰਾਮ, ਹਲਦੀ 1/4 ਟੀ ਸਪੂਨ, ਨਿੰਬੂ ਦਾ ਰਸ ਅੱਧਾ ਛੋਟਾ ਚਮਚ, ਧਨੀਆ ਦੋ ਟੇਬਲ ਸਪੂਨ।

ਵਿਧੀ- ਸਭ ਤੋਂ ਪਹਿਲਾਂ ਇੱਕ ਬਾਉਲ ਵਿੱਚ ਸਾਰੀਆਂ ਦਾਲਾਂ, 500 ਮਿਲੀਲੀਟਰ ਪਾਣੀ ਪਾ ਕੇ ਚੰਗੀ ਤਰ੍ਹਾਂ ਧੋ ਲਓ। ਫਿਰ ਇਸ ਨੂੰ ਦੂਸਰੇ ਬਾਉਲ ਵਿੱਚ ਪਾ ਕੇ ਉਸ ਵਿੱਚ 500 ਮਿਲੀਲੀਟਰ ਪਾਣੀ ਪਾਓ ਅਤੇ ਤੀਹ ਮਿੰਟ ਲਈ ਭਿਓਂ ਕੇ ਦਿਓ। ਇੱਕ ਪ੍ਰੈਸ਼ਰ ਕੁੱਕਰ ਵਿੱਚ 1300 ਮਿਲੀਲੀਟਰ ਪਾਣੀ, ਭਿੱਜੀ ਹੋਈ ਦਾਲ, 1/4 ਟੀ ਸਪੂਨ ਹਲਦੀ, ਇੱਕ ਟੀ ਸਪੂਨ ਨਮਕ, ਇੱਕ ਹਰੀ ਮਿਰਚ ਪਾਓ ਚੰਗੀ ਤਰ੍ਹਾਂ ਮਿਲਾਓ। ਇਸ ਨੂੰ ਢੱਕਣ ਨਾਲ ਕਵਰ ਕਰੋ ਅਤੇ ਦੋ ਸੀਟੀਆਂ ਸੁਣਨ ਤੱਕ ਪਕਾਓ। ਹੁਣ ਢੱਕਣ ਖੋਲ੍ਹੋ ਅਤੇ ਇਸ ਨੂੰ ਚੰਗੀ ਤਰ੍ਹਾਂ ਹਿਲਾ ਦਿਓ। ਫਿਰ ਇੱਕ ਭਾਰੀ ਕੜਾਹੀ ਵਿੱਚ 20 ਮਿਲੀਲੀਟਰ ਤੇਲ ਗਰਮ ਕਰੋ, ਦੋ ਫਲੀਆਂ ਹਰੀ ਇਲਾਇਚੀ, ਦੋ ਫਲੀਆਂ ਲੌਂਗ, ਇੱਕ ਸੁੱਕੀ ਲਾਲ ਮਿਰਚ, ਅੱਧਾ ਟੀ ਸਪੂਨ ਜੀਰਾ ਪਾਓ ਅਤੇ ਚੰਗੀ ਤਰ੍ਹਾਂ ਹਿਲਾਓ। 1/4 ਟੀ ਸਪੂਨ ਹਿੰਙ, ਅੱਧਾ ਟੀ ਸਪੂਨ ਅਦਰਕ, ਅੱਧਾ ਟੀ ਸਪੂਨ ਲਸਣ ਪਾਓ ਅਤੇ ਇੱਕ-ਦੋ ਮਿੰਟ ਤੱਕ ਹਿਲਾਓ। ਹੁਣ 75 ਗਰਾਮ ਪਿਆਜ਼ ਪਾਓ ਅਤੇ ਪਾਰਦਰਸ਼ੀ ਹੋਣ ਤੱਕ ਜਾਂ ਸੁਨਹਿਰੀ ਭੂਰਾ ਹੋਣ ਤੱਕ ਭੁੰਨੋ। ਇਸ ਪਿੱਛੋਂ 1/8 ਟੀ ਸਪੂਨ ਹਲਦੀ ਪਾ ਕੇ ਚੰਗੀ ਤਰ੍ਹਾਂ ਹਿਲਾਓ। ਉਬਲੀ ਹੋਈ ਦਾਲ ਪਾ ਕੇ ਇਸ ਨੂੰ ਉਬਾਲ ਲਓ। ਫਿਰ ਇਸ ਵਿੱਚ 1/2 ਟੀ ਸਪੂਨ ਨਮਕ, 1/8 ਟੀ ਸਪੂਨ ਕਾਲੀ ਮਿਰਚ ਅਤੇ ਇਸ ਨੂੰ ਚੰਗੀ ਤਰ੍ਹਾਂ ਹਿਲਾਓ। ਹੁਣ ਉਬਲੀ ਹੋਈ ਦਾਲ ਪਾ ਕੇ ਇਸ ਨੂੰ ਉਬਾਲ ਲਓ। ਫਿਰ ਇਸ ਵਿੱਚ 1/2 ਟੀ ਸਪੂਨ ਨਿੰਬੂ ਦਾ ਰਸ ਚੰਗੀ ਤਰ੍ਹਾਂ ਮਿਲਾਓ। ਫਿਰ ਹਲਕੇ ਸੇਕ 'ਤੇ ਪੰਜ-ਸੱਤ ਮਿੰਟ ਲਈ ਕੁੱਕ ਕਰੋ। ਡਿਸ਼ ਬਣ ਕੇ ਤਿਆਰ ਹੈ, ਧਨੀਏ ਨਾਲ ਗਾਰਨਿਸ਼ ਕਰੋ।

# ਬਿਊਟੀ ਟਿਪਸ

## ਚੰਦਨ ਫੇਸ ਪੈਕ ਨਾਲ ਨਿੱਖਰ ਉਠੇਗੀ ਤੁਹਾਡੀ ਚਮੜੀ

ਜੇ ਤੁਸੀਂ ਸਮਝ ਨਹੀਂ ਪਾ ਰਹੇ ਕਿ ਚੰਦਨ ਪਾਊਡਰ ਨੂੰ ਕਿਹੜੀ ਕੰਪਨੀ ਕਿਹੜੀਆਂ ਸਮੱਗਰੀਆਂ ਨਾਲ ਮਿਲਾ ਕੇ ਫੇਸ ਪੈਕ ਬਣਾਉਂਦੀ ਹੈ ਤਾਂ ਤੁਹਾਡੀ ਮਦਦ ਲਈ ਅਸੀਂ ਅਜਿਹੇ ਫੈਸ ਪੈਕ ਲੈ ਕੇ ਆਏ ਹਾਂ ਜੋ ਆਸਾਨੀ ਨਾਲ ਘਰ ਵਿੱਚ ਬਣਾਏ ਜਾ ਸਕਦੇ ਹਨ ਅਤੇ ਤੁਹਾਨੂੰ ਚਮੜੀ ਸੰਬੰਧੀ ਸਮੱਸਿਆਵਾਂ ਤੋਂ ਛੁਟਕਾਰਾ ਦਿਵਾ ਸਕਦੇ ਹਨ। ਇਨ੍ਹਾਂ ਲਈ ਤੁਹਾਨੂੰ ਬਿਲਕੁਲ ਵੀ ਫਾਲਤੂ ਖਰਚ ਨਹੀਂ ਕਰਨਾ ਪਵੇਗਾ।

ਚੰਦਨ ਪਾਊਡਰ, ਹਲਦੀ ਤੇ ਕਪੂਰ- ਜੇ ਤੁਹਾਡੇ ਚਿਹਰੇ 'ਤੇ ਬਹੁਤ ਸਾਰੇ ਕਿਲ-ਮੁਹਾਸੇ ਹੋ ਗਏ ਹਨ ਤਾਂ ਚੰਦਨ ਪਾਊਡਰ, ਹਲਦੀ ਤੇ ਕਪੂਰ ਨੂੰ ਮਿਲਾ ਕੇ ਇੱਕ ਪੇਸਟ ਤਿਆਰ ਕਰੋ ਅਤੇ ਮੂੰਹ ਉਤੇ ਲਾਓ। ਨੇਮੀ ਰੂਪ 'ਚ ਲਾਉਣ ਨਾਲ ਤੁਹਾਡੀ ਇਹ ਸਮੱਸਿਆ ਕਾਫੀ ਹੱਲ ਹੋ ਜਾਵੇਗੀ।

ਗੁਲਾਬ ਜਲ ਤੇ ਚੰਦਨ ਪਾਊਡਰ- ਇਹ ਬਹੁਤ ਸਾਧਾਰਣ ਜਿਹਾ ਫੇਸ ਪੈਕ ਹੈ, ਜਿਸ ਵਿੱਚ ਚੰਦਨ ਪਾਊਡਰ ਨੂੰ ਗੁਲਾਬ ਜਲ ਨਾਲ ਮਿਲਾ ਕੇ ਪ੍ਰਯੋਗ ਕੀਤਾ ਜਾਂਦਾ ਹੈ। ਇਸ ਨੂੰ ਉਦੋਂ ਲਾਓ, ਜਦੋਂ ਤੁਸੀਂ ਬਾਹਰ ਤੋਂ ਆਏ ਹੋਵੋ। ਇਸ ਨੂੰ ਲਾ ਕੇ ਤੁਹਾਨੂੰ ਗੰਦਗੀ ਅਤੇ ਮਰੀ ਹੋਈ ਚਮੜੀ ਤੋਂ ਵੀ ਛੁਟਕਾਰਾ ਮਿਲ ਸਕੇਗਾ।

ਮੁਲਤਾਨੀ ਮਿੱਟੀ ਅਤੇ ਦਹੀਂ- ਅੱਧਾ ਚਮਚ ਮੁਲਤਾਨੀ ਮਿੱਟੀ ਨੂੰ ਅੱਧੇ ਚਮਚ ਚੰਦਨ ਪਾਊਡਰ ਨਾਲ ਮਿਲਾਉ। ਫਿਰ ਇਸ ਵਿੱਚ ਜਾਂ ਦਹੀਂ ਜਾਂ ਫਿਰ ਦੁੱਧ ਦੀ ਮਲਾਈ ਮਿਲਾ ਕੇ ਪੇਸਟ ਬਣਾ ਲਾਓ। ਸੁੱਕ ਜਾਣ 'ਤੇ



ਪਾਣੀ ਨਾਲ ਧੋ ਲਵੋ।

ਬਦਾਮ ਪਾਊਡਰ ਅਤੇ ਦੁੱਧ-ਇੱਕ ਕੌਲੀ ਵਿੱਚ ਬਦਾਮ ਪਾਊਡਰ ਨੂੰ ਚੰਦਨ ਪਾਊਡਰ ਅਤੇ ਹਲਦੀ ਨੂੰ ਦੁੱਧ ਨਾਲ ਮਿਲਾਓ। ਇਸ ਨੂੰ ਚਿਹਰੇ 'ਤੇ ਲਾ ਕੇ ਸੁਕਾ ਲਵੋ ਅਤੇ ਫਿਰ ਪਾਣੀ ਨਾਲ ਧੋ ਲਵੋ।

ਹਲਦੀ ਅਤੇ ਨਿੰਬੂ-ਤੁਸੀਂ ਹਲਦੀ ਅਤੇ ਚੰਦਨ ਪਾਊਡਰ ਮਿਲਾ ਕੇ ਚਮਕਦਾਰ ਚਮੜੀ ਪਾ ਸਕਦੇ ਹੋ। ਇਸ ਵਿੱਚ ਨਿੰਬੂ ਪਾਓ, ਜਿਸ ਨਾਲ ਚਮੜੀ ਸਾਫ ਹੋ ਜਾਵੇ।

ਲਵੈਂਡਰ ਦਾ ਤੇਲ-ਆਪਣੀ ਥਕਾਣ ਭਰੀ ਚਮੜੀ ਨੂੰ ਆਰਾਮਦਾਇਕ ਬਣਾਉਣ ਅਤੇ ਕਾਲੇ ਧੱਬਿਆਂ ਨੂੰ ਹਟਾਉਣ ਲਈ ਤੁਸੀਂ ਲਵੈਂਡਰ ਦੇ ਤੇਲ ਅਤੇ ਚੰਦਨ ਪਾਊਡਰ ਨੂੰ ਮਿਲਾ ਕੇ ਪੇਸਟ ਬਣਾਓ। ਇਸ ਨਾਲ ਚਮੜੀ ਦੀਆਂ ਝੁਰੜੀਆਂ ਵੀ ਖਤਮ ਹੁੰਦੀਆਂ ਹਨ।

# ਹਲਕਾ ਫੁਲਕਾ

ਜਿਮ ਵਿਚ ਪਹਿਲਾ ਦਿਨ :
ਟਰੇਨਰ, "ਹਾਂ ਤਾਂ ਮੈਡਮ ਸ਼ੁਰੂ ਕਰੀਏ?"
ਮੁੰਡਾ, "ਸਰ, ਅੱਜ ਤਾਂ ਜਿਮ ਵਿੱਚ ਪਹਿਲਾ ਦਿਨ ਹੈ। ਅੱਜ ਤਾਂ ਮੈਂ ਸਿਰਫ ਮਸ਼ੀਨਾਂ ਨਾਲ ਸੈਲਫੀ ਲਵਾਂਗੀ।"

*********

ਲੱਕੀ, "ਉਹ ਕੁੜੀ ਬੋਲ਼ੀ ਲੱਗਦੀ ਹੈ। ਮੈਂ ਕੁਝ ਕਹਿੰਦਾ ਹਾਂ, ਉਹ ਕੁਝ ਹੋਰ ਹੀ ਬੋਲਦੀ ਹੈ।"
ਕਮਲ, "ਉਹ ਕਿਵੇਂ?"
ਲੱਕੀ, "ਮੈਂ ਕਿਹਾ 'ਆਈ ਲਵ ਯੂ' ਤਾਂ ਕਹਿਣ ਲੱਗੀ-'ਮੈਂ ਕੱਲ੍ਹ ਹੀ ਨਵੇਂ ਸੈਂਡਲ ਖਰੀਦੇ ਹਨ।"

*********

ਪਤੀ (ਪਤਨੀ ਨੂੰ), "ਦੱਸ, 'ਹਿੰਮਤ-ਏ-ਮਰਦਾਂ, ਮਦਦ-ਏ-ਖੁਦਾ' ਦਾ ਕੀ ਮਤਲਬ ਹੁੰਦਾ ਹੈ?"
ਪਤਨੀ, "ਜਿਹੜਾ ਆਪਣੀ ਪਤਨੀ ਦੇ ਸਾਹਮਣੇ ਮਰਦ ਬਣਨ ਦੀ ਹਿੰਮਤ ਕਰਦਾ ਹੈ, ਉਸ ਦੀ ਮਦਦ ਫਿਰ ਖੁਦਾ ਹੀ ਕਰ ਸਕਦਾ ਹੈ।"

## ਮਹਿੰਗਾ ਮਾਲ ਵੇਚਣ ਵਾਲੇ ਦੋ ਜਣਿਆਂ ਨੂੰ 10-10 ਹਜ਼ਾਰ ਰੁਪਏ ਜੁਰਮਾਨਾ




ਜਲੰਧਰ, 6 ਅਪ੍ਰੈਲ (ਪੋਸਟ ਬਿਊਰੋ)- ਕਰਫਿਊ ਦਾ ਨਿਯਮ ਤੋੜਨ ਵਾਲੇ ਦੁਕਾਨਦਾਰਾਂ 'ਤੇ ਸਖਤੀ ਦੌਰਾਨ ਕੱਲ੍ਹ ਪ੍ਰਸ਼ਾਸਨ ਨੇ ਨੂਰਮਹਿਲ ਵਿੱਚ ਦੋ ਦੁਕਾਨਦਾਰਾਂ ਨੂੰ 10-10 ਹਜ਼ਾਰ ਰੁਪਏ ਜੁਰਮਾਨਾ ਕੀਤਾ ਅਤੇ ਇੱਕ ਦੁਕਾਨਦਾਰ ਦੇ ਖਿਲਾਫ ਕਾਲਾਬਾਜ਼ਾਰੀ ਦਾ ਕੇਸ ਵੀ ਦਰਜ ਕੀਤਾ ਗਿਆ ਹੈ।

ਜ਼ਿਲਾ ਫੂਡ ਐਂਡ ਸਪਲਾਈ ਕੰਟਰੋਲਰ ਨਰਿੰਦਰ ਸਿੰਘ ਨੇ ਇਸ ਬਾਰੇ ਦੱਸਿਆ ਕਿ ਉਨ੍ਹਾਂ ਦੀ ਟੀਮ ਨੇ ਨੂਰਮਹਿਲ ਵਿੱਚ ਚੈਕਿੰਗ ਕੀਤੀ ਤਾਂ ਮੈਸਰਜ਼ ਬਰਕਤ ਰਾਮ ਮਹਿੰਦਰ ਪਾਲ ਨੇ ਆਪਣੀ ਦੁਕਾਨ ਖੋਲ੍ਹੀ ਸੀ ਤੇ ਉਥੇ ਗ੍ਰਾਹਕਾਂ ਨੂੰ ਸਾਮਾਨ ਵੇਚ ਰਿਹਾ ਸੀ। ਗ੍ਰਾਹਕਾਂ ਤੋਂ ਪੈਸੇ ਵੱਧ ਵਸੂਲੇ ਜਾ ਰਹੇ ਸਨ। ਇਸ ਕਾਰਨ ਦੁਕਾਨਦਾਰ ਨੂੰ ਦਸ ਹਜ਼ਾਰ ਰੁਪਏ ਜੁਰਮਾਨਾ ਅਤੇ ਮਹਿੰਗੇ ਭਾਅ 'ਤੇ ਸਾਮਾਨ ਦੀ ਵਿਕਰੀ ਕਰਨ 'ਤੇ ਉਸ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਇਸੇ ਤਰ੍ਹਾਂ ਆਧਾਰ ਸੁਪਰ ਸਟੋਰ ਦੇ ਮਾਲਕ ਨੇ ਦੁਕਾਨ 'ਤੇ ਰੇਟ ਲਿਸਟ ਵੀ ਨਹੀਂ ਲਾਈ ਸੀ। ਇਸ 'ਤੇ ਉਸ ਨੂੰ ਦਸ ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ। ਡੀ ਐੱਫ ਐੱਸ ਸੀ ਨਰਿੰਦਰ ਸਿੰਘ ਨੇ ਕਿਹਾ ਕਿ ਜਿਨ੍ਹਾਂ ਦੁਕਾਨਦਾਰਾਂ ਨੂੰ ਕਰਫਿਊ ਪਾਸ ਦਿੱਤੇ ਗਏ ਹਨ ਉਹ ਸਿਰਫ ਫੋਨ 'ਤੇ ਆਰਡਰ ਲੈ ਕੇ ਹੋਮ ਡਲਿਵਰੀ ਕਰ ਸਕਦੇ ਹਨ। ਉਨ੍ਹਾਂ ਨੂੰ ਰੇਟ ਵੀ ਸਪੱਸ਼ਟ ਦੱਸਣੇ ਹੋਣਗੇ।

## ਪਾਵਰਕੌਮ ਨੂੰ ਨਰਿੰਦਰ ਮੋਦੀ ਦੀ ਬੱਤੀਆਂ ਬੁਝਾ ਕੇ ਦੀਵੇ ਜਗਾਉਣ ਦੀ ਅਪੀਲ ਮਹਿੰਗੀ ਪਈ




ਪਟਿਆਲਾ, 6 ਅਪ੍ਰੈਲ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੋਰੋਨਾ ਵਾਇਰਸ ਦੇ ਮਾਮਲੇ ਵਿੱਚ ਘਰੇਲੂ ਲਾਈਟਾਂ ਬੰਦ ਰੱਖ ਕੇ ਦੀਵੇ ਮੋਮਬੱਤੀਆਂ ਬਾਲਣ ਵਾਲੀ ਅਪੀਲ ਪਾਵਰਕੌਮ ਨੂੰ ਕਰੀਬ ਅੱਠ ਲੱਖ ਰੁਪਏ ਦੇ ਘਾਟੇ ਦਾ ਸਬੱਬ ਬਣੀ ਹੈ। ਫਿਰ ਵੀ ਨੌਂ ਮਿੰਟ ਰਿਹਾਇਸ਼ੀ ਲਾਈਟਾਂ ਦੀ ਬੰਦੀ ਮਗਰੋਂ ਬਿਜਲੀ ਸਪਲਾਈ ਚੱਲਦੀ ਰਹਿਣ ਨਾਲ ਪਾਵਰਕੌਮ ਨੇ ਸੁੱਖ ਦਾ ਸਾਹ ਲਿਆ ਹੈ। ਇਸ ਤੋਂ ਪਹਿਲਾਂ 'ਬਲੈਕ ਆਊਟ' ਨੂੰ ਥੰਮਣ ਲਈ ਬਿਜਲੀ ਮਹਿਕਮੇ ਦੀ ਉਚ ਅਥਾਰਟੀ ਨੇ ਹੇਠਾਂ ਤੱਕ ਬਕਾਇਦਾ ਐਡਵਾਈਜ਼ਰੀ ਵੀ ਜਾਰੀ ਕੀਤੀ ਸੀ। ਇਸ ਬਾਰੇ ਨੈਸ਼ਨਲ ਲੋਡ ਡਿਸਪੈਚ ਸੈਂਟਰ ਵੀ ਕਾਫ਼ੀ ਚੌਕਸ ਰਿਹਾ ਸੀ, ਜਿਸ ਸਦਕਾ ਆਖ਼ਿਰ ਦੇਸ਼ ਭਰ 'ਚ ਬਿਜਲੀ ਸਪਲਾਈ ਦਾ ਤਵਾਜ਼ਨ ਕਰੀਬ ਸਥਿਰ ਰਿਹਾ ਹੈ। ਪਤਾ ਲੱਗਾ ਹੈ ਕਿ ਨੌਂ ਵੱਜ ਕੇ ਨੌਂ ਤੋਂ ਚੌਦਾਂ ਮਿੰਟ ਤੱਕ ਬਿਜਲੀ ਬੰਦੀ ਤੋਂ ਪਾਵਰਕੌਮ ਨੂੰ ਕਰੀਬ ਅੱਠ ਲੱਖ ਰੁਪਏ ਦਾ ਘਾਟਾ ਸਹਿਣਾ ਪਵੇਗਾ, ਕਿਉਂਕਿ ਬਿਜਲੀ ਦੀ ਖਪਤ ਮਨਫੀ ਹੋਣ 'ਤੇ ਕਰੀਬ ਇੱਕ ਲੱਖ ਯੂਨਿਟਾਂ ਘੱਟ ਬਲੀਆਂ ਹਨ। ਸੂਤਰਾਂ ਮੁਤਾਬਕ ਜਿਹੜੇ ਲੋਕਾਂ ਨੇ ਦੀਵੇ ਮੋਮਬੱਤੀਆਂ ਦੀ ਰਸਮ 'ਚ ਹਿੱਸਾ ਲਿਆ ਹੈ, ਉਨ੍ਹਾ ਨੇ ਰਿਹਾਇਸ਼ੀ ਲਾਈਟਾਂ ਬੰਦ ਰੱਖੀਆਂ ਸਨ, ਪਰ ਹੋਰ ਘਰੇਲੂ ਉਪਕਰਨ ਪਹਿਲਾਂ ਵਾਂਗ ਚਾਲੂ ਰੱਖੇ ਸਨ। ਪਾਵਰਕੌਮ ਦੇ ਸੀ ਐਮ ਡੀ ਬਲਦੇਵ ਸਿੰਘ ਸਰਾਂ ਦੇ ਮੁਤਾਬਕ ਲੋਕਾਂ ਵੱਲੋਂ ਰਿਹਾਇਸ਼ੀ ਲਾਈਟਾਂ ਬੰਦ ਕਰਨ ਅਤੇ ਦੀਵੇ ਤੇ ਮੋਮਬੱਤੀਆਂ ਬਾਲਣ ਨਾਲ ਪੰਜਾਬ ਵਿੱਚ ਬਿਜਲੀ ਸਪਲਾਈ ਪਹਿਲਾਂ ਵਾਂਗ ਚੱਲਦੀ ਰਹੀ ਅਤੇ ਦੇਸ਼ 'ਚ ਕਿਤੇ ਵੀ ਕੋਈ ਨੁਕਸ ਸਾਹਮਣੇ ਨਹੀਂ ਆਇਆ।

## ਰਿਸ਼ਵਤ ਲੈਣ ਦੇ ਦੋਸ਼ ਵਿੱਚ ਤਿੰਨ ਕਾਂਸਟੇਬਲ ਸਸਪੈਂਡ

ਜਲੰਧਰ, 6 ਅਪ੍ਰੈਲ (ਪੋਸਟ ਬਿਊਰੋ)- ਸਾਬਕਾ ਪਾਰਲੀਮੈਂਟਰੀ ਸੈਕਟਰੀ ਕੇ ਡੀ ਭੰਡਾਰੀ ਵੱਲੋਂ ਏ ਡੀ ਸੀ ਪੀ ਸੁਡਰਵਿਜ਼ੀ ਨੂੰ ਸ਼ਿਕਾਇਤ ਦੇਣ ਉੱਤੇ ਥਾਣਾ ਡਵੀਜ਼ਨ ਇੱਕ ਵਿੱਚ ਤਿੰਨ ਕਾਂਸਟੇਬਲਾਂ ਨੂੰ ਸਸਪੈਂਡ ਕੀਤਾ ਗਿਆ।

ਵਰਨਣ ਯੋਗ ਹੈ ਕਿ ਸਾਬਕਾ ਪਾਰਲੀਮੈਂਟਰੀ ਸਕੱਤਰ ਕੇ ਡੀ ਭੰਡਾਰੀ ਨੇ ਸ਼ਿਕਾਇਤ ਦਿੱਤੀ ਸੀ ਕਿ ਜਲੰਧਰ ਦੇ ਕਬੀਰ ਨਗਰ ਵਿੱਚ ਰਹਿੰਦੇ ਕੁਲਦੀਪ ਕੁਮਾਰ ਤੋਂ ਪੁਲਸ ਮੁਲਾਜ਼ਮਾਂ ਨੇ ਡਰਾ ਧਮਕਾ ਕੇ 85 ਸੌ ਰੁਪਏ ਦੀ ਰਿਸ਼ਵਤ ਲਈ ਸੀ ਜਿਨ੍ਹਾਂ ਦੀ ਸ਼ਿਕਾਇਤ ਉੱਤੇ ਏ ਡੀ ਸੀ ਪੀ ਸੁਡਰਵਿਜ਼ੀ ਨੇ ਡਵੀਜ਼ਨ ਇੱਕ ਵਿੱਚ ਤਾਇਨਾਤ ਕਾਂਸਟੇਬਲ ਦਿਲਬਾਗ ਸਿੰਘ, ਕਾਂਸਟੇਬਲ ਸੁਸ਼ੀਲ ਕੁਮਾਰ ਅਤੇ ਕਾਂਸਟੇਬਲ ਦਲਜਿੰਦਰ ਸਿੰਘ ਨੂੰ ਸਸਪੈਂਡ ਕਰ ਦਿੱਤਾ ਹੈ। ਇਸ ਬਾਰੇ ਕੇ ਡੀ ਭੰਡਾਰੀ ਨੇ ਦੱਸਿਆ ਕਿ ਕੱਲ੍ਹ ਰਾਤ ਕਬੀਰ ਨਗਰ ਵਿੱਚ ਰਹਿੰਦੇ ਕੁਲਦੀਪ ਕੁਮਾਰ, ਜੋ ਆਂਡਿਆਂ ਦਾ ਵਪਾਰ ਕਰਕੇ ਗੁਜ਼ਾਰਾ ਕਰਦਾ ਹੈ, ਉਸ ਕੋਲ ਆਇਆ ਅਤੇ ਦੱਸਿਆ ਕਿ ਤਿੰਨ ਕਾਂਸਟੇਬਲਾਂ ਦਿਲਬਾਗ ਸਿੰਘ, ਸੁਸੀਲ ਕੁਮਾਰ ਅਤੇ ਦਲਜਿੰਦਰ ਸਿੰਘ ਨੇ ਡਰਾ ਕੇ ਉਸ ਤੋਂ 20 ਹਜ਼ਾਰ ਰੁਪਏ ਦੀ ਰਿਸ਼ਵਤ ਮੰਗੀ ਹੈ। ਇਸ ਦੌਰਾਨ ਕੁਲਦੀਪ ਕੁਮਾਰ ਨੇ ਉਨ੍ਹਾਂ ਨੂੰ 8500 ਰੁਪਏ ਨਕਦੀ ਦੇ ਦਿੱਤੀ।

## ਔਰਤ ਨੇ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ

ਪਾਤੜਾਂ, 6 ਅਪ੍ਰੈਲ (ਪੋਸਟ ਬਿਊਰੋ)- ਉਤਰੀ ਭਾਰਤ ਦੇ ਸਭ ਤੋਂ ਵੱਡੇ ਕਾਰ ਬਾਜ਼ਾਰ ਪਾਤੜਾਂ ਵਿੱਚ ਕੱਲ੍ਹ ਪੁਰਾਣੀਆਂ ਕਾਰਾਂ ਦੀ ਵੇਚ-ਖਰੀਦ ਦਾ ਕੰਮ ਕਰਨ ਵਾਲੇ ਇੱਕ ਵਿਅਕਤੀ ਦੀ ਪਤਨੀ ਨੇ ਆਪਣੇ ਆਪ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਲਈ। ਉਹ ਪਿਛਲੇ ਕੁਝ ਦਿਨਾਂ ਤੋਂ ਮਾਨਸਿਕ ਪੱਖੋਂ ਪ੍ਰੇਸ਼ਾਨ ਸੀ। ਉਸ ਨੂੰ ਮੁੱਢਲਾ ਸਿਹਤ ਕੇਂਦਰ ਪਾਤੜਾਂ ਵਿਖੇ ਲਿਜਾਇਆ ਗਿਆ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

ਘਰ ਵਿੱਚ ਵਾਪਰੀ ਇਸ ਘਟਨਾ ਦਾ ਪਤਾ ਲੱਗਦਿਆਂ ਸਾਰ ਡੀ ਐਸ ਪੀ ਪਾਤੜਾਂ ਦਲਬੀਰ ਸਿੰਘ ਗਰੇਵਾਲ ਨੇ ਮੌਕੇ 'ਤੇ ਜਾ ਕੇ ਸਥਿਤੀ ਦਾ ਜਾਇਜ਼ਾ ਲਿਆ। ਪਰਵਾਰਕ ਮੈਂਬਰਾਂ ਨੇ ਦੱਸਿਆ ਕਿ ਪਾਤੜਾਂ ਦੇ ਨਰਵਾਣਾ ਰੋਡ 'ਤੇ ਪੰਜਾਹ ਫੁੱਟੀ ਰੋਡ ਦੇ ਵਾਸੀ ਦਰਬਾਰਾ ਸਿੰਘ ਹਰਿਆਉ ਅਤੇ ਪਤਨੀ ਜਸਪ੍ਰੀਤ ਕੌਰ (40) ਦੀ ਬੇਟੀ ਕੁਝ ਸਮਾਂ ਪਹਿਲਾਂ ਪੜ੍ਹਾਈ ਲਈ ਕੈਨੇਡਾ ਗਈ ਸੀ ਜਿੱਥੇ ਕੁਝ ਦਿਨ ਪਹਿਲਾਂ ਉਸ ਦੇ ਨਾਲ ਪੜ੍ਹਦੀ ਉਸ ਦੀ ਸਹੇਲੀ ਨੂੰ ਕੋਰੋਨਾ ਪਾਜ਼ੀਟਿਵ ਆਉਣ ਦਾ ਫੋਨ ਉਸ ਦੀ ਬੇਟੀ ਨੇ ਕੀਤਾ ਸੀ। ਉਸ ਪਿੱਛੋਂ ਉਹ ਲਗਾਤਾਰ ਪ੍ਰੇਸ਼ਾਨ ਰਹਿਣ ਲੱਗੀ ਤੇ ਕੱਲ੍ਹ ਬਾਅਦ ਦੁਪਹਿਰ ਉਸ ਨੇ ਆਪਣੇ ਘਰ ਕੇ ਆਤਮ ਹੱਤਿਆ ਕਰ ਲਈ।

## ਕਰਫਿਊ ਦੌਰਾਨ ਔਰਤ ਦਾ ਬੇਰਹਿਮੀ ਨਾਲ ਕਤਲ



*ਅਗਲੇ ਦਿਨ ਖੇਤਾਂ 'ਚੋਂ ਇੱਕ ਖੂਹ ਦੇ ਨੇੜਿਓਂ ਮਿਲੀ ਸੀਤਾ ਦੀ ਲਾਸ਼

ਲਾਂਬੜਾ, 6 ਅਪ੍ਰੈਲ (ਪੋਸਟ ਬਿਊਰੋ)- ਥਾਣਾ ਲਾਂਬੜਾ ਦੇ ਪਿੰਡ ਨਿੱਝਰਾਂ ਵਿਖੇ ਕਰਫਿਊ ਦੌਰਾਨ ਇੱਕ ਔਰਤ ਦਾ ਕਤਲ ਕਰ ਦੇਣ ਦੀ ਘਟਨਾ ਵਾਪਰੀ ਹੈ। ਇਸ ਦੀ ਸੂਚਨਾ ਮਿਲਦੇ ਸਾਰ ਐੱਸ ਪੀ ਡੀ ਸਰਬਜੀਤ ਸਿੰਘ, ਸੁਰਿੰਦਰਪਾਲ ਡੀ ਐੱਸ ਪੀ ਅਤੇ ਥਾਣਾ ਮੁਖੀ ਰਮਨਦੀਪ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਕੀਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਸੀਤਾ (52) ਪਤਨੀ ਲੁਭਾਇਆ ਪਿੰਡ ਨਿੱਝਰਾਂ ਬੀਤੇ ਸ਼ਨੀਵਾਰ ਰੋਜ਼ ਵਾਂਗ ਦੁਪਹਿਰ ਕਰੀਬ ਦੋ ਵਜੇ ਆਪਣੇ ਘਰੋਂ ਪਸ਼ੂਆਂ ਦਾ ਚਾਰਾ ਲੈਣ ਗਈ ਸੀ। ਉਹ ਜਦੋਂ ਚਾਰਾ ਲੈ ਕੇ ਸ਼ਾਮ ਨੂੰ ਘਰ ਨਾ ਪਹੁੰਚੀ ਤਾਂ ਘਰ ਵਾਲਿਆਂ ਨੇ ਇਸ ਦੀ ਸੂਚਨਾ ਪਿੰਡ ਦੇ ਮੋਹਤਬਰਾਂ ਨੂੰ ਦਿੱਤੀ। ਫਿਰ ਪਿੰਡ ਵਾਸੀਆਂ ਨੇ ਇਕੱਠੇ ਹੋ ਕੇ ਉਸ ਨੂੰ ਲੱਭਣ ਲਈ ਕਰੀਬ ਅੱਧੀ ਰਾਤ ਤੱਕ ਸਰਚ ਮੁਹਿੰਮ ਚਲਾਈ, ਪਰ ਉਸ ਦਾ ਪਤਾ ਨਹੀਂ ਲੱਗ ਸਕਿਆ। ਅਗਲੀ ਸਵੇਰ ਪਿੰਡ ਵਾਸੀਆਂ ਨੇ ਫਿਰ ਭਾਲ ਸ਼ੁਰੂ ਕੀਤੀ ਤਾਂ ਪਿੰਡ ਨਿੱਜਰਾਂ ਤੋਂ ਕਾਫੀ ਦੂਰ ਖੇਤਾਂ 'ਚੋਂ ਇੱਕ ਖੂਹ ਦੇ ਨੇੜਿਓਂ ਸੀਤਾ ਦੀ ਲਾਸ਼ ਪਈ ਮਿਲੀ। ਇਹ ਖੂਹ ਬਾਵਾ ਸਿੰਘ ਵਾਸੀ ਨਿੱਝਰਾਂ ਦਾ ਹੈ, ਜੋ ਇਸ ਸਮੇਂ ਵਿਦੇਸ਼ 'ਚ ਹੈ। ਮ੍ਰਿਤਕਾ ਸੀਤਾ ਦੀ ਚੁੰਨੀ ਨਾਲ ਗਲਾ ਘੁੱਟ ਕੇ ਕਤਲ ਕਰਨ ਦੀ ਘਟਨਾ ਲੱਗਦੀ ਹੈ। ਉਸ ਦੇ ਕੱਪੜਿਆਂ ਦੀ ਹਾਲਤ ਤੋਂ ਸ਼ੱਕ ਹੁੰਦਾ ਹੈ ਕਿ ਕਾਤਲ ਨੇ ਪਹਿਲਾਂ ਸੀਤਾ ਨਾਲ ਬਲਾਤਕਾਰ ਕੀਤਾ ਅਤੇ ਫਿਰ ਇਸ ਪਾਪ ਨੂੰ ਲੁਕਾਉਣ ਲਈ ਕਤਲ ਕਰ ਦਿੱਤਾ। ਮ੍ਰਿਤਕਾ ਦੀ ਲਾਸ਼ ਕੋਲ ਇੱਕ ਚੈਕਦਾਰ ਪਰਨਾ, ਚੱਪਲ ਅਤੇ ਪਾਣੀ ਦੀ ਬੋਤਲ ਮਿਲੀ ਸੀ।

## ਥਾਣੇ ਵਿੱਚੋਂ ਫਰਾਰ ਦੋਸ਼ੀ ਅੱਠ ਲੱਖ ਦੀ ਜਾਅਲੀ ਕਰੰਸੀ ਸਣੇ ਫਿਰ ਕਾਬੂ

ਬਠਿੰਡਾ, 6 ਅਪ੍ਰੈਲ (ਪੋਸਟ ਬਿਊਰੋ)- ਇਸ ਜ਼ਿਲੇ ਦੇ ਥਾਣਾ ਨੰਦਗੜ੍ਹ ਦੀ ਹਵਾਲਾਤ ਤੋਂ ਕੱਲ੍ਹ ਰਾਤ ਫਰਾਰ ਹੋ ਗਏ ਤਿੰਨ ਮੁਲਜ਼ਮਾਂ ਨੂੰ ਕੱਲ੍ਹ ਦਿਨ ਚੜ੍ਹਦੇ ਸਾਰ ਪੁਲਸ ਨੇ ਫੜ ਲਿਆ ਹੈ। ਐੱਸ ਐੱਸ ਪੀ ਡਾਕਟਰ ਨਾਨਕ ਸਿੰਘ ਨੇ ਦੱਸਿਆ ਕਿ ਫਰਾਰ ਹੋਣ ਦੇ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ।

ਵਰਨਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਨੰਦਗੜ੍ਹ ਪੁਲਸ ਨੇ ਇੱਕ ਨਸ਼ਾ ਤਸਕਰੀ ਦੇ ਕੇਸ ਵਿੱਚ ਫੜੇ ਰਾਜਦੀਪ ਸਿੰਘ ਤੇ ਇੱਕ ਹੋਰ ਨੌਜਵਾਨ ਤੋਂ ਬਰਾਮਦ ਹੋਈ ਕੁਝ ਜਾਅਲੀ ਕਰੰਸੀ ਬਾਰੇ ਪੜਤਾਲ ਕੀਤੀ ਤਾਂ ਉਕਤ ਤਿੰਨ ਦੋਸ਼ੀ ਅੱਠ ਲੱਖ 81 ਹਜ਼ਾਰ 700 ਰੁਪਏ ਦੀ ਜਾਅਲੀ ਕਰੰਸੀ ਸਮੇਤ ਕਾਬੂ ਕੀਤੇ ਗਏ ਸਨ। ਪੁਲਸ ਅਧਿਕਾਰੀਆਂ ਮੁਤਾਬਕ ਦੋਸ਼ੀ ਲਵਪ੍ਰੀਤ ਸਿੰਘ ਤੇ ਜਸਵਿੰਦਰ ਸਿੰਘ ਵਾਸੀ ਮਧੀਰ ਤੇ



ਸੁਖਬੀਰ ਸਿੰਘ ਵਾਸੀ ਰਾਏਕੇ ਕਲਾਂ ਨੂੰ ਕੱਲ੍ਹ ਹੋਰ ਪੁੱਛਗਿੱਛ ਲਈ ਅਦਾਲਤ ਤੋਂ ਇੱਕ ਦਿਨ ਦਾ ਪੁਲਸ ਰਿਮਾਂਡ ਲਿਆ ਸੀ। ਸੂਤਰਾਂ ਮੁਤਾਬਕ ਰਾਤ ਥਾਣੇ ਦੀ ਹਵਾਲਾਤ ਵਿੱਚੋਂ ਉਕਤ ਦੋਸ਼ੀ ਫਰਾਰ ਹੋ ਗਏ ਸਨ। ਪੁਲਸ ਨੂੰ ਇਸ ਦੀ ਭਿਣਕ ਸਵੇਰੇ ਦਿਨ ਚੜ੍ਹੇ ਲੱਗੀ, ਜਿਸ ਤੋਂ ਬਾਅਦ ਇਨ੍ਹਾਂ ਨੂੰ ਪਿੰਡ ਫੁੱਲੋ ਮਿੱਠੀ ਕੋਲੋਂ ਫੜ ਲਿਆ ਗਿਆ। ਪੁਲਸ ਸੂਤਰਾਂ ਮੁਤਾਬਕ ਥਾਂ-ਥਾਂ ਕਰਫਿਊ ਲੱਗਾ ਹੋਣ ਕਾਰਨ ਫਰਾਰ ਹੋਏ ਮੁਜ਼ਰਮ ਛੇਤੀ ਕਾਬੂ ਆ ਗਏ। ਪੁਲਸ ਅਧਿਕਾਰੀਆਂ ਮੁਤਾਬਕ ਦੋਸ਼ੀ ਲਵਪ੍ਰੀਤ 2000 ਦਾ ਜਾਅਲੀ ਨੋਟ ਪ੍ਰਿੰਟਰ ਦੀ ਮਦਦ ਨਾਲ ਤਿਆਰ ਕਰਦਾ ਸੀ। ਉਨ੍ਹਾ ਨੇ ਦੱਸਿਆ ਕਿ ਮੁਜ਼ਰਮਾਂ ਦੇ ਫਰਾਰ ਹੋਣ ਦੇ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਜਿਹੜੇ ਵੀ ਮੁਲਾਜ਼ਮ ਦੀ ਲਾਪਰਵਾਹੀ ਪਾਈ ਗਈ ਤਾਂ ਉਸ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

## ਬੁਆਏ ਫਰੈਂਡ ਨੇ ਫੋਨ ਨਾ ਚੁੱਕਿਆ ਤਾਂ ਕੁੜੀ ਨੇ ਫਾਹਾ ਲੈ ਲਿਆ

ਜਲੰਧਰ, 6 ਅਪ੍ਰੈਲ (ਪੋਸਟ ਬਿਊਰੋ)- ਸੈਣੀ ਕਲੋਨੀ 'ਚ ਇੱਕ 19 ਸਾਲਾ ਕੁੜੀ ਨੇ ਬੁਆਏ ਫਰੈਂਡ ਵੱਲੋਂ ਫੋਨ ਨਾ ਚੁੱਕਣ 'ਤੇ ਫਾਹਾ ਲੈ ਕੇ ਜਾਨ ਦੇ ਦਿੱਤੀ ਹੈ। ਇਸ ਲੜਕੀ ਨੇ ਤਿੰਨ ਮਹੀਨੇ ਪਹਿਲਾਂ ਵੀ ਨਸ ਕੱਟ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਡਾਕਟਰਾਂ ਨੇ ਉਸ ਨੂੰ ਬਚਾ ਲਿਆ ਸੀ। ਮ੍ਰਿਤਕਾ ਦੀ ਪਛਾਣ ਲਕਸ਼ਮੀ ਵਜੋਂ ਹੋਈ ਹੈ।

ਥਾਣਾ ਨੰਬਰ 8 ਦੇ ਸਬ ਇੰਸਪੈਕਟਰ ਨਿਰਮਲ ਸਿੰਘ ਨੇ ਦੱਸਿਆ ਕਿ ਸਵੇਰੇ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਸੈਣੀ ਕਲੋਨੀ 'ਚ ਇੱਕ ਕੁੜੀ ਨੇ ਸੁਸਾਈਡ ਕਰ ਲਿਆ ਹੈ। ਉਨ੍ਹਾਂ ਮੌਕੇ 'ਤੇ ਜਾ ਕੇ ਦੇਖਿਆ ਕਿ 19 ਸਾਲ ਦੀ ਲਕਸ਼ਮੀ ਦੀ ਲਾਸ਼ ਪੱਖੇ ਨਾਲ ਲਟਕ ਰਹੀ ਸੀ। ਜਾਂਚ ਵਿੱਚ ਪੁਲਸ ਨੂੰ ਕੋਈ ਸੁਸਾਈਡ ਨੋਟ ਨਹੀਂ ਮਿਲਿਆ। ਨਿਰਮਲ ਸਿੰਘ ਨੇ ਦੱਸਿਆ ਕਿ ਜਾਂਚ ਵਿੱਚ ਪਤਾ ਲੱਗਾ ਕਿ ਲੜਕੀ ਯੂ ਪੀ ਵਿੱਚ ਰਹਿੰਦੇ ਇੱਕ ਨੌਜਵਾਨ ਨਾਲ ਪ੍ਰੇਮ ਕਰਦੀ ਸੀ, ਪਰ ਕੁਝ ਦਿਨਾਂ ਤੋਂ ਉਹ ਉਸ ਦਾ ਫੋਨ ਨਹੀਂ ਚੁੱਕ ਰਿਹਾ ਸੀ, ਜਿਸ ਕਾਰਨ ਲੜਕੀ ਨੇ ਖੁਦਕੁਸ਼ੀ ਕਰ ਲਈ। ਉਕਤ ਪਰਵਾਰ ਯੂ ਪੀ ਦਾ ਵਸਨੀਕ ਹੈ। ਲੜਕੀ ਦੇ ਪਰਵਾਰ ਵਾਲਿਆਂ ਨੇ ਕੋਈ ਵੀ ਕਾਨੂੰਨੀ ਕਾਰਵਾਈ ਕਰਵਾਉਣ ਤੋਂ ਮਨ੍ਹਾ ਕਰ ਦਿੱਤਾ ਹੈ।

## ਪੰਜ ਸਿੰਘ ਸਾਹਿਬਾਨ ਦਾ ਫੈਸਲਾ, ਵਿਸਾਖੀ ਮੌਕੇ ਕੋਈ ਵੱਡਾ ਇਕੱਠ ਨਹੀਂ ਕੀਤਾ ਜਾਵੇਗਾ

ਚੰਡੀਗੜ੍ਹ, 6 ਅਪਰੈਲ, (ਪੋਸਟ ਬਿਊਰੋ)- ਇਹ ਪਹਿਲੀ ਵਾਰ ਹੈ ਕਿ ਸਿੱਖ ਪੰਥ ਦੇ ਪੰਜ ਸਿੰਘ ਸਾਹਿਬਾਨ ਨੂੰ ਵੀ ਆਦੇਸ਼ ਜਾਰੀ ਕਰਨਾ ਪਿਆ ਹੈ ਕਿ ਇਸ ਵਾਰੀ ਵਿਸਾਖੀ ਦੇ ਮੌਕੇ ਵੱਡੇ ਇਕੱਠ ਨਹੀਂ ਕੀਤੇ ਜਾਣਗੇ।

ਸ਼੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਪੰਜ ਸਾਹਿਬਾਨਾਂ ਦੀ ਅੱਜ ਹੋਈ ਵੀਡੀਓ ਕਾਨਫਰੰਸ ਮੀਟਿੰਗ ਵਿੱਚ ਇਹ ਫੈਸਲਾ ਲੈ ਲਿਆ ਹੈ ਕਿ ਵਿਸਾਖੀ ਮੌਕੇ ਗੁਰਦੁਆਰਾ ਸਾਹਿਬਾਨ ਵਿਚ ਸੰਗਤਾਂ ਦਾ ਕੋਈ ਵੱਡਾ ਇਕੱਠ



ਨਹੀਂ ਕੀਤਾ ਜਾਵੇਗਾ। ਇਸ ਦੀ ਥਾਂ ਸੰਗਤਾਂ ਨੂੰ ਵਿਸਾਖੀ ਮੌਕੇ ਘਰਾਂ ਵਿਚ ਸਹਿਜ ਪਾਠ ਕਰਨ ਨੂੰ ਕਿਹਾ ਗਿਆ ਹੈ। ਕੋਰੋਨਾ ਵਾਇਰਸ ਦੀ ਬਿਮਾਰੀ ਦੇ ਕਾਰਨ ਉਨ੍ਹਾਂ ਨੇ ਸਾਰੇ ਲੋਕਾਂ ਨੂੰ ਵਿਸਾਖੀ ਦੇ ਦਿਨ ਸਿਹਤ ਵਿਭਾਗ ਵੱਲੋਂ ਜਾਰੀ ਹੋਏ ਨਿਰਦੇਸ਼ਾਂ ਦਾ ਪਾਲਣ ਕਰਨ ਲਈ ਕਿਹਾ ਹੈ। ਵਰਨਣ ਯੋਗ ਹੈ ਕਿ ਦਿੱਲੀ ਵਿਚਲੇ ਨਿਜ਼ਾਮੂਦੀਨ ਦੀ ਘਟਨਾ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬੀਤੇ ਵੀਰਵਾਰ ਨੂੰ ਸਾਰੇ ਧਾਰਮਿਕ ਸਮਾਗਮਾਂ ਸਣੇ ਰਾਜ ਵਿੱਚ ਹਰ ਤਰ੍ਹਾਂ ਦੇ ਇਕੱਠ ਉੱਤੇ ਪੂਰੀ ਪਾਬੰਦੀ ਲਾ ਦਿੱਤੀ ਸੀ ਅਤੇ ਉਨ੍ਹਾਂ ਕਿਹਾ ਸੀ ਕਿ ਇਕੱਠ ਚਾਹੇ ਕਿਸੇ ਵੀ ਧਰਮ ਨਾਲ ਸਬੰਧਤ ਹੋਵੇ, ਪੰਜਾਬ ਸਰਕਾਰ ਉਸ ਉੱਤੇ ਪਾਬੰਦੀ ਲਾਏਗੀ।

jobs! jobs! jobs! jobs! jobs!

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

DUNDAS·JAFINE

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

647-764-3637



## ਵਹੁਟੀ ਨੂੰ ਝੂਟਾ ਦੇਣ ਲਈ ਨੌਜਵਾਨ ਨੇ ਚਾਰ ਨਾਕੇ ਤੋੜੇ ਤੇ ਫਿਰ ਫੜਿਆ ਗਿਆ

ਮੋਗਾ, 6 ਅਪ੍ਰੈਲ (ਪੋਸਟ ਬਿਊਰੋ)- ਕਰਫਿਊ ਦੀ ਉਲੰਘਣਾ ਕਰਕੇ ਨਵੀਂ ਵਿਆਹੀ ਵਹੁਟੀ ਨੂੰ ਲੈ ਕੇ ਘੁੰਮਣ ਲਈ ਨਿਕਲੇ ਇਸ ਸ਼ਹਿਰ ਦੇ ਪ੍ਰਮੁੱਖ ਮੋਬਾਈਲ ਫੋਨ ਸ਼ਾਪ ਦੇ ਮਾਲਕ ਦੇ ਬੇਟੇ ਨੇ ਰਸਤੇ 'ਚ ਆਏ ਪੁਲਸ ਦੇ ਚਾਰ ਨਾਕੇ ਤੋੜ ਦਿੱਤੇ। ਫਿਰੋਜ਼ਪੁਰ ਰੋਡ 'ਤੇ ਥਾਣਾ ਘੱਲ ਕਲਾਂ ਕੋਲ ਤੀਜਾ ਪੁਲਸ ਨਾਕਾ ਤੋੜਦੇ ਹੋਏ ਗੱਡੀ ਲੈ ਕੇ ਭੱਜਦੇ ਨੌਜਵਾਨ ਦਾ ਥਾਣਾ ਸਦਰ ਦੇ ਐਸ ਐਚ ਓ ਕਰਮਜੀਤ ਸਿੰਘ ਨੇ ਪਿੱਛਾ ਕਰਨਾ ਸ਼ੁਰੂ ਕੀਤਾ। ਵਾਇਰਲੈਸ ਮੈਸਿਜ ਹੁੰਦੇ ਸਾਰ ਡਿਊਟੀ ਮਜਿਸਟਰੇਟ ਨੇ ਵੀ ਨੌਜਵਾਨ ਦਾ ਪਿੱਛਾ ਸ਼ੁਰੂ ਕਰ ਦਿੱਤਾ। ਫਿਲਮੀ ਅੰਦਾਜ਼ ਵਿੱਚ ਪੰਜ ਕਿਲੋਮੀਟਰ ਤੱਕ ਪੁਲਸ ਨੂੰ ਘੁਮਾਉਣ ਤੋਂ ਬਾਅਦ ਨੌਜਵਾਨ ਅਚਾਨਕ ਫੁਰਤੀ ਨਾਲ ਇਸ ਗੱਡੀ ਨੂੰ ਘਰ ਤੋਂ ਕੁਝ ਅੱਗੇ ਖੜੀ ਕਰਕੇ ਘਰ ਵਿੱਚ ਵੜ ਗਿਆ, ਪਰ ਪੁਲਸ ਨੇ ਉਸ ਨੂੰ ਜਾ ਫੜਿਆ। ਪੁਲਸ ਇਸ ਸਾਰੇ ਮਾਮਲੇ ਦੀ ਜਾਂਚ ਕਰ ਰਹੀ ਹੈ।

ਪਤਾ ਲੱਗਾ ਹੈ ਕਿ ਇਸ ਸ਼ਹਿਰ ਦੇ ਜਵਾਹਰ ਨਗਰ ਦੇ ਇੱਕ ਪ੍ਰਮੁੱਖ ਮੋਬਾਈਲ ਫੋਨ ਦੁਕਾਨ ਸੰਚਾਲਕ ਦੇ ਪੁੱਤਰ ਗੌਨੀ ਦਾ ਕੁਝ ਸਮਾਂ ਪਹਿਲਾਂ ਵਿਆਹ ਹੋਇਆ ਸੀ। ਕੱਲ੍ਹ ਕਰਫਿਊ ਲੱਗੇ ਹੋਣ ਦੇ ਬਾਵਜੂਦ ਉਹ ਨਵੀਂ ਵਿਆਹੀ ਪਤਨੀ ਨੂੰ ਲੈ ਕੇ ਆਪਣੀ ਕਰੇਟਾ ਕਾਰ 'ਚ ਘੁੰਮਣ ਤੁਰ ਗਿਆ। ਜਾਂਦੇ ਸਮੇਂ ਉਹ ਘਰਦਿਆਂ ਨੂੰ ਵੀ ਦੱਸ ਕੇ ਨਹੀਂ ਗਿਆ ਸੀ। ਮੁੜਦੇ ਸਮੇਂ ਫਿਰੋਜ਼ਪੁਰ ਰੋਡ 'ਤੇ ਲੱਗੇ ਇੱਕ ਨਾਕ ਨੂੰ ਤੋੜਨ ਤੋਂ ਬਾਅਦ ਉਸ ਨੇ ਆਪਣੇ ਘਰ ਵੱਲ ਗੱਡੀ ਭਜਾ ਲਈ। ਜਦੋਂ ਉਸ ਨੇ ਥਾਣਾ ਸਦਰ ਦੇ ਸਾਹਮਣੇ ਲੱਗੇ ਪੁਲਸ ਨਾਕੇ ਨੂੰ ਤੋੜਿਆ ਤਾਂ ਐਸ ਐਚ ਓ ਸਦਰ ਕਰਮਜੀਤ ਸਿੰਘ ਨੇ ਆਪਣੀ ਗੱਡੀ ਰਾਹੀਂ ਕਰੇਟਾ ਕਾਰ ਦਾ ਪਿੱਛਾ ਸ਼ੁਰੂ ਕਰ ਦਿੱਤਾ। ਇਸ ਤੋਂ ਪਹਿਲਾਂ ਦੋ ਨਾਕੇ ਤੋੜੇ ਜਾਣ ਦੀ ਸੂਚਨਾ ਉਨ੍ਹਾਂ ਵਾਇਰਲੈਸ 'ਤੇ ਮਿਲ ਚੁੱਕੀ ਸੀ। ਪੁਲਸ ਦੀ ਗੱਡੀ ਨੂੰ ਪਿੱਛਾ ਕਰਦੇ ਦੇਖ ਕੇ ਨੌਜਵਾਨ ਨੇ ਆਪਣੀ ਗੱਡੀ ਦੀ ਰਫ਼ਤਾਰ ਹੋਰ ਵਧਾ ਦਿੱਤੀ ਤੇ ਗਾਂਧੀ ਰੋਡ ਤੋਂ ਫਿਲਮੀ ਅੰਦਾਜ਼ 'ਚ ਗੱਡੀ ਭਜਾਉਂਦਾ ਨਿਕਲ ਗਿਆ। ਓਥੇ ਸ਼ਮਸ਼ਾਨਘਾਟ ਨੇੜੇ ਸੜਕ ਉਸਾਰੀ ਦਾ ਕੰਮ ਚਲਦਾ ਹੋਣ ਕਾਰਨ ਪੁਲਸ ਦੀ ਕਾਰ ਇਥੇ ਫਸ ਗਈ ਤਾਂ ਕੁਝ ਪੁਲਸ ਮੁਲਾਜ਼ਮ ਗੱਡੀ ਤੋਂ ਉਤਰ ਕੇ ਪੈਦਲ ਉਸ ਕਾਰ ਦਾ ਪਿੱਛਾ ਕਰਦੇ ਹੋਏ ਨੌਜਵਾਨ ਦੇ ਘਰ ਜਵਾਹਰ ਨਗਰ ਜਾ ਪੁੱਜੇ। ਜਦੋਂ ਨੌਜਵਾਨ ਆਪਣੇ ਘਰ ਨੇੜੇ ਖੜੀਆਂ ਦੋ ਹੋਰ ਕਾਰਾਂ ਅੱਗੇ ਆਪਣੀ ਗੱਡੀ ਲਾ ਕੇ ਘਰ ਵੜਿਆ ਤਾਂ ਪਿੱਛੇ ਪੈਦਲ ਹੀ ਭੱਜ ਰਹੇ ਮੁਲਾਜ਼ਮਾਂ ਨੇ ਉਸ ਨੂੰ ਘਰ ਅੰਦਰੋਂ ਜਾ ਕੇ ਦਬੋਚ ਲਿਆ। ਬਾਅਦ 'ਚ ਉਸ ਨੂੰ ਹਿਰਾਸਤ 'ਚ ਲੈ ਕੇ ਪੁਲਸ ਥਾਣੇ ਲੈ ਗਈ।

### ਮੁਸਲਿਮ ਅਫਸਰਾਂ ਦਾ ਹੋਕਾ

# ਇਸਲਾਮ ਅਨੁਸਾਰ ਖੁਦ ਨੂੰ ਕੋਰੋਨਾ ਵਾਇਰਸ ਨਾਲ ਇਨਫੈਕਟਿਡ ਕਰਨਾ ਅਧਰਮ

ਨਵੀਂ ਦਿੱਲੀ, 6 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਨੂੰ ਕੰਟਰੋਲ ਕਰਨ ਦੀਆਂ ਦੇਸ਼ ਵਿਆਪੀ ਕੋਸ਼ਿਸ਼ਾਂ 'ਤੇ ਪਾਣੀ ਫੇਰਨ ਦੀ ਹਰਕਤ ਕਰ ਰਹੇ ਤਬਲੀਗੀ ਜਮਾਤ ਦੇ ਲੋਕਾਂ ਨੂੰ ਵੱਖ-ਵੱਖ ਰਾਜਾਂ ਦੇ 200 ਤੋਂ ਵੱਧ ਮੁਸਲਿਮ ਅਫਸਰਾਂ ਨੇ ਕੱਲ੍ਹ ਨਾ ਸਿਰਫ ਮੁਸਲਿਮ ਹੋਣ ਦਾ ਸਹੀ ਅਰਥ ਸਮਝਾਇਆ, ਸਗੋਂ ਉਨ੍ਹਾਂ ਨੂੰ ਇਸ ਤੋਂ ਬਚਣ ਲਈ ਸੋਸ਼ਲ ਡਿਸਟੈਂਸਿੰਗ ਅਤੇ ਕੁਆਰੰਟਾਈਨ ਦੀ ਮਹੱਤਤਾ ਦੱਸ ਕੇ ਸਖਤੀ ਨਾਲ ਪਾਲਣਾ ਕਰਨ ਦੀ ਵੀ ਨਸੀਹਤ ਦਿੱਤੀ ਹੈ।



ਆਪਣੀ ਅਪੀਲ 'ਚ ਇਨ੍ਹਾਂ ਮੁਸਲਿਮ ਅਫਸਰਾਂ ਨੇ ਦੇਸ਼ ਦੇ ਮੁਸਲਮਾਨਾਂ ਨੂੰ ਕੋਰੋਨਾ ਖਿਲਾਫ ਲੜਾਈ 'ਚ ਸਰਕਾਰ ਦੇ ਹੱਥ ਮਜ਼ਬੂਤ ਕਰ ਕੇ ਉਸ ਦੇ ਨਿਰਦੇਸ਼ਾਂ ਦੀ ਇਮਾਨਦਾਰੀ ਨਾਲ ਪਾਲਣਾ ਕਰਨ ਦੀ ਅਪੀਲ ਕੀਤੀ ਤਾਂ ਕਿ ਮਹਾਮਾਰੀ ਨਾਲ ਸੁਰੱਖਿਅਤ ਰਹਿ ਕੇ ਲੜਿਆ ਜਾ ਸਕੇ। ਇਹ ਅਪੀਲ ਕਹਿੰਦੀ ਹੈ ਕਿ ਜਨਤਕ ਸਿਹਤ ਮਾਹਰਾਂ ਅਤੇ ਸਰਕਾਰਾਂ ਦੇ ਮਾਰਗ ਦਰਸ਼ਨ ਦੀ ਪਾਲਣਾ ਕਰਨੀ ਚਾਹੀਦੀ ਹੈ, ਕਿਉਂਕਿ ਜੋ ਇਨਸਾਨੀਅਤ ਲਈ ਸਹੀ ਹੈ, ਉਹੀ ਸਹੀ ਹੈ, ਭਾਵੇਂ ਕੋਈ ਉਸ ਲਈ ਧਰਮ ਗ੍ਰੰਥਾਂ ਤੋਂ ਸਮਰਥਨ ਹਾਸਲ ਕਰਦਾ ਹੈ ਜਾਂ ਨਹੀਂ। ਇਸਲਾਮੀ ਅਸੂਲਾਂ ਅਨੁਸਾਰ ਖੁਦ ਨੂੰ ਵਾਇਰਸ ਨਾਲ ਇਨਫੈਕਟਿਡ ਕਰਨਾ ਇੱਕ ਅਧਰਮ ਹੈ। ਆਤਮ ਹੱਤਿਆ ਅਤੇ ਲਾਪਰਵਾਹੀ ਦੇ ਕਾਰਨ ਖਤਰਾ ਮੁੱਲ ਲੈਣਾ ਤੇ ਬਿਮਾਰ ਹੋ ਜਾਣਾ ਹਰਾਮ ਹੈ। ਲਾਪਰਵਾਹੀ ਨਾਲ ਇਹ ਵਾਇਰਸ ਉਸ ਵਿਅਕਤੀ ਦੇ ਸਰੀਰ ਤੱਕ ਹੀ ਸੀਮਿਤ ਨਹੀਂ ਰਹਿੰਦਾ, ਜਿਸ ਨੇ ਆਪਣੀ ਮੂਰਖਤਾ ਨਾਲ ਖੁਦ ਇਸ ਨੂੰ ਸੱਦਾ ਦਿੱਤਾ ਹੈ, ਸਗੋਂ ਇਹ ਪਰਵਾਰ ਤੇ ਸਮਾਜ ਵਿੱਚ ਤੇਜ਼ੀ ਨਾਲ ਅੱਗੇ ਵਧਦਾ ਹੈ ਅਤੇ ਅਣਗਿਣਤ ਮਾਸੂਮਾਂ ਅਤੇ ਬਜ਼ੁਰਗਾਂ ਨੂੰ ਮੌਤ ਦੇ ਮੂੰਹ 'ਚ ਧੱਕ ਦਿੰਦਾ ਹੈ।

ਮੁਸਲਿਮ ਅਫਸਰਾਂ ਦੀ ਅਪੀਲ ਅਨੁਸਾਰ ਪੈਗੰਬਰ ਮੁਹੰਮਦ ਸਾਹਿਬ ਦੀਆਂ ਕਈ ਹਦਾਇਤਾਂ ਸਾਨੂੰ ਮਹਾਮਾਰੀ ਦੇ ਪਸਾਰ ਨੂੰ ਰੋਕਣ ਲਈ ਕਦਮ ਚੁੱਕਣ ਤੇ ਖੁਦ ਨੂੰ ਬਚਾਉਣ ਦਾ ਨਿਰਦੇਸ਼ ਦਿੰਦੀਆਂ ਹਨ। ਮਹਾਮਾਰੀ ਦੂਰ ਹੁੰਦੇ ਸਾਰ ਆਮ ਜੀਵਨ ਬਹਾਲ ਹੋਣ ਤੋਂ ਬਾਅਦ ਮੁਸਲਮਾਨ ਫਿਰ ਮਸੀਤਾਂ 'ਚ ਸਮੂਹਿਕ ਨਮਾਜ਼ ਪੜ੍ਹ ਸਕਦੇ ਹਨ। ਬਿਮਾਰੀ ਫੈਲਣ ਤੋਂ ਰੋਕਣ ਲਈ ਵਕਤੀ ਤੌਰ 'ਤੇ ਮਸੀਤ 'ਚ ਜਾਣ ਤੋਂ ਪ੍ਰਹੇਜ ਦਾ ਮਤਲਬ ਇਹ ਨਹੀਂ ਹੈ ਕਿ ਮਸੀਤ ਹਮੇਸ਼ਾ ਲਈ ਬੰਦ ਕਰ ਦਿੱਤੀ ਗਈ ਹੈ। ਸਮਾਜਕ ਦੂਰੀ ਬਣਾਈ ਰੱਖਦੇ ਹੋਏ ਘਰ 'ਚ ਹੀ ਨਮਾਜ਼ ਪੜ੍ਹ ਸਕਦੇ ਹਾਂ।

ਇਸ ਦੌਰਾਨ ਭਾਰਤੀ ਫੌਜ ਨੇ ਆਪਣੇ ਤਿੰਨ ਮੁਲਾਜ਼ਮਾਂ ਨੂੰ ਕੁਆਰੰਟਾਈਨ ਕੀਤਾ ਹੈ। ਪਤਾ ਲੱਗਾ ਹੈ ਕਿ ਪਿਛਲੇ ਦਿਨੀਂ ਹਵਾਈ ਫੌਜ ਦਾ ਸਾਰਜੈਂਟ ਨਿਜ਼ਾਮੂਦੀਨ ਏਰੀਏ ਵਿੱਚ ਗਿਆ ਸੀ ਜਿੱਥੇ ਜਮਾਤ ਦਾ ਪ੍ਰੋਗਰਾਮ ਹੋਇਆ ਸੀ। ਹਵਾਈ ਫੌਜ ਜਾਂਚ ਕਰ ਰਹੀ ਹੈ ਕਿ ਸਾਰਜੈਂਟ ਉਸ ਪ੍ਰੋਗਰਾਮ ਵਿੱਚ ਸ਼ਾਮਲ ਹੋਇਆ ਸੀ ਜਾਂ ਨਹੀਂ। ਬਾਅਦ ਵਿੱਚ ਇਹ ਸਾਰਜੈਂਟ ਏਅਰਫੋਰਸ ਦੇ ਦੋ ਮੁਲਾਜ਼ਮਾਂ ਨੂੰ ਵੀ ਮਿਲਿਆ। ਚੌਕਸੀ ਵਜੋਂ ਹਵਾਈ ਫੌਜ ਨੇ ਤਿੰਨਾਂ ਨੂੰ ਕੁਆਰੰਟਾਈਨ ਕਰ ਦਿੱਤਾ ਹੈ।

## ਡਾਕਟਰਾਂ ਵੱਲੋਂ ਧਰਮ ਦੇ ਆਧਾਰ 'ਤੇ ਇਲਾਜ ਤੋਂ ਮਨ੍ਹਾਂ ਕਰਨ 'ਤੇ ਨਵ-ਜੰਮੇ ਬੱਚੇ ਦੀ ਮੌਤ



ਜੈਪੁਰ, 6 ਅਪ੍ਰੈਲ (ਪੋਸਟ ਬਿਊਰੋ)- ਰਾਜਸਥਾਨ ਦੇ ਭਰਪੁਰ ਦੇ ਜ਼ਿਲ੍ਹਾ ਹਸਪਤਾਲ 'ਚ ਡਾਕਟਰਾਂ ਵੱਲੋਂ ਧਰਮ ਦੇ ਆਧਾਰ 'ਤੇ ਇਲਾਜ ਕਰਨ ਤੋਂ ਨਾਂਹ ਕਰਨ 'ਤੇ ਇੱਕ ਮੁਸਲਮਾਨ ਗਰਭਵਤੀ ਔਰਤ ਦੇ ਨਵ-ਜੰਮੇ ਬੱਚੇ ਦੀ ਮੌਤ ਹੋ ਗਈ।

ਪੀੜਤ ਔਰਤ ਦੇ ਪਤੀ ਇਰਫ਼ਾਨ ਖ਼ਾਨ ਨੇ ਦੋਸ਼ ਲਾਇਆ ਕਿ ਡਾਕਟਰਾਂ ਵੱਲੋਂ ਧਰਮ ਦੇ ਆਧਾਰ 'ਤੇ ਇਲਾਜ ਤੋਂ ਇਨਕਾਰ ਕੀਤੇ ਜਾਣ ਮਗਰੋਂ ਉਸ ਦੀ ਪਤਨੀ ਦਾ ਜਣੇਪਾ ਐਂਬੂਲੈਂਸ ਵਿੱਚ ਹੋ ਗਿਆ ਅਤੇ ਇਸ ਦੌਰਾਨ ਬੱਚੇ ਦੀ ਮੌਤ ਹੋ ਗਈ। ਇਸ ਬਾਰੇ ਰਾਜਸਥਾਨ ਦੇ ਸਿਹਤ ਮੰਤਰੀ ਤੇ ਭਰਤਪੁਰ ਤੋਂ ਵਿਧਾਇਕ ਸੁਭਾਸ਼ ਗਰਗ ਨੇ ਜਾਂਚ ਦੇ ਹੁਕਮ ਦੇ ਦਿੱਤੇ ਹਨ। ਇਰਫ਼ਾਨ ਖ਼ਾਨ ਨੇ ਮੀਡੀਆ ਨੂੰ ਦੱਸਿਆ ਕਿ ਕੱਲ੍ਹ ਰਾਤ ਤਕਲੀਫ ਹੋਣ ਕਾਰਨ ਉਹ ਆਪਣੀ ਗਰਭਵਤੀ ਪਤਨੀ ਨੂੰ ਸਿਕਰੀ ਦੇ ਸਿਹਤ ਕੇਂਦਰ ਵਿੱਚ ਲੈ ਗਿਆ ਸੀ। ਉਥੋਂ ਉਨ੍ਹਾਂ ਨੂੰ ਆਰ ਬੀ ਐਨ ਜ਼ਨਾਨਾ ਹਸਪਤਾਲ ਭੇਜਿਆ ਗਿਆ। ਉਹ ਜ਼ਿਲ੍ਹਾ ਹਸਪਤਾਲ ਪਹੁੰਚੇ ਤਾਂ ਉਥੇ ਮਹਿਲਾ ਡਾਕਟਰ ਨੇ ਉਸ ਤੋਂ ਉਸ ਦੇ ਵੇਰਵੇ ਪੁੱਛੇ। ਉਸ ਮਗਰੋਂ ਡਾਕਟਰ ਨੇ ਉਸ ਨੂੰ ਕਿਹਾ ਕਿ ਉਹ ਇੱਕ ਮੁਸਲਮਾਨ ਹੈ ਤੇ ਇਥੇ ਉਸ ਦੀ ਪਤਨੀ ਦਾ ਇਲਾਜ ਨਹੀਂ ਹੋ ਸਕਦਾ। ਉਸ ਨੇ ਕਿਸੇ ਹੋਰ ਡਾਕਟਰ ਨੂੰ ਉਨ੍ਹਾਂ ਨੂੰ ਜੈਪੁਰ ਰੈਫਰ ਕਰਨ ਲਈ ਕਹਿ ਦਿੱਤਾ। ਉਸ ਤੋਂ ਬਾਅਦ ਜਦੋਂ ਉਹ ਹਸਪਤਾਲ ਤੋਂ ਨਿਕਲੇ ਉਸ ਦੀ ਪਤਨੀ ਦਾ ਜਣੇਪਾ ਐਂਬੂਲੈਂਸ 'ਚ ਹੋ ਗਿਆ ਅਤੇ ਇਸ ਦੌਰਾਨ ਡਾਕਟਰਾਂ ਦੀ ਲਾਪ੍ਰਵਾਹੀ ਕਾਰਨ ਬੱਚੇ ਦੀ ਮੌਤ ਹੋ ਗਈ। ਸਿਹਤ ਮੰਤਰੀ ਸੁਭਾਸ਼ ਗਰਗ ਨੇ ਕਿਹਾ ਕਿ ਮਾਮਲੇ ਦੀ ਜਾਂਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੀ ਜਾ ਰਹੀ ਹੈ।

## ਮਾਂ ਦੇ ਸੰਸਕਾਰ ਵਿੱਚ ਨਹੀਂ ਗਿਆ, ਲੋੜੰਦਵਾਂ ਨੂੰ ਖਾਣਾ ਵੰਡਣ ਦੇ ਕੰਮ ਲੱਗਾ ਰਿਹਾ




ਨਵੀਂ ਦਿੱਲੀ, 6 ਅਪ੍ਰੈਲ (ਪੋਸਟ ਬਿਊਰੋ)- ਸ਼ਕੀਲ-ਉਰ-ਰਹਿਮਾਨ ਨੇ ਆਪਣੀ ਮਾਂ ਨੂੰ ਆਖ਼ਰੀ ਵਾਰ ਦਸੰਬਰ ਵਿੱਚ ਉਦੋਂ ਦੇਖਿਆ ਸੀ ਜਦੋਂ ਉਹ ਬਿਹਾਰ ਦੇ ਸਮਸਤੀਪੁਰ ਤੋਂ ਇਲਾਜ ਲਈ ਆਈ ਸੀ, ਪਰ ਇਹ ਉਨ੍ਹਾਂ ਦੀ ਆਖਰੀ ਮੁਲਕਾਤ ਹੋ ਗਈ। ਉਨ੍ਹਾਂ ਦੀ ਮਾਂ ਦਾ ਪਿੱਛੇ ਜਿਹੇ ਮੌਤ ਹੋ ਗਈ ਅਤੇ ਉਹ ਮਾਂ ਨੂੰ ਆਖ਼ਰੀ ਵਾਰ ਵੀ ਦੇਖ ਨਹੀਂ ਸਕਿਆ।

40 ਸਾਲਾ ਕਾਰੋਬਾਰੀ ਨੇ ਦੱਸਿਆ ਕਿ ਮੈਂ ਸੋਚਿਆ ਸੀ ਕਿ ਮੈਂ ਲਾਕਡਾਊਨ ਖ਼ਤਮ ਹੋਣ ਪਿੱਛੋਂ ਉਨ੍ਹਾਂ ਨੂੰ ਮਿਲਾਗਾ, ਪਰ ਹਰ ਚੀਜ਼ ਸਾਡੇ ਸੋਚਣ ਮੁਤਾਬਕ ਨਹੀਂ ਹੁੰਦੀ। ਰਹਿਮਾਨ ਕੋਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਦੇ ਲਈ 21 ਦਿਨਾ ਬੰਦ ਦੌਰਾਨ ਮਜ਼ਦੂਰਾਂ ਨੂੰ ਖਾਣਾ ਖੁਆਉਣ ਲਈ ਆਸ਼ਰਮ ਚੌਕ ਜਾਣ ਦੀ ਤਿਆਰੀ ਕਰ ਰਹੇ ਸੀ। ਰਾਜਧਾਨੀ ਵਿੱਚ ਟ੍ਰੈਵਲ ਏਜੈਂਸੀ ਚਲਾਉਣ ਵਾਲੇ ਰਹਿਮਾਨ ਦੀ ਮਾਂ ਦੀ ਕੱਲ੍ਹ ਸਵੇਰੇ ਮੌਤ ਹੋ ਗਈ। ਉਨ੍ਹਾਂ ਦੇ ਦੋਸਤਾਂ ਨੇ ਉਸ ਨੂੰ ਬਿਹਾਰ ਜਾ ਕੇ ਆਪਣੀ ਮਾਂ ਨੂੰ ਆਖ਼ਰੀ ਵਾਰ ਦੇਖਣ ਨੂੰ ਕਿਹਾ, ਪਰ ਰਹਿਮਾਨ ਦਾ ਕਹਿਣਾ ਸੀ, ਮੇਰੀ ਜ਼ਰੂਰਤ ਦਿੱਲੀ ਵਿੱਚ ਹੈ। ਮੈਨੂੰ ਇਹ ਕੰਮ ਪਹਿਲਾਂ ਕਰਨ ਦੀ ਲੋੜ ਹੈ ਕਿ ਕਿਸੇ ਦੀ ਮਾਂ ਭੁੱਖ ਨਾਲ ਨਾ ਮਰੇ। ਰਹਿਮਾਨ ਦੇ ਦੋਸਤ ਮੁਸਲਮ ਮੁਹੰਮਦ ਨੇ ਕਿਹਾ ਕਿ ਅਸੀਂ ਉਨ੍ਹਾਂ ਨੂੰ ਉਸਦੇ ਪਰਵਾਰ ਨਾਲ ਮਿਲਣ ਲਈ ਜਾਣ ਦੇਣ ਲਈ ਪ੍ਰਸ਼ਾਸਨ ਤੋਂ ਬੇਨਤੀ ਕਰ ਸਕਦੇ ਸੀ, ਪਰ ਰਹਿਮਾਨ ਨੇ ਉਸ ਤੋਂ ਇੰਨਕਾਰ ਕਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਜੇ ਉਹ ਮੁਸੀਬਤ ਵਿੱਚ ਫਸੇ ਜ਼ਰੂਰਤਮੰਦ ਲੋਕਾਂ ਦੀ ਮਦਦ ਕਰ ਸਕੇ, ਤਾਂ ਇਹੀ ਉਸ ਦੀ ਮਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# ਸਮਾਜਕ ਬਾਈਕਾਟ ਤੋਂ ਦੁਖੀ ਹੋਏ ਨੌਜਵਾਨ ਨੇ ਜਾਨ ਦਿੱਤੀ

ਸ਼ਿਮਲਾ, 6 ਅਪ੍ਰੈਲ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਦੇ ਊਨਾ ਜ਼ਿਲੇ ਵਿੱਚ ਕੋਰੋਨਾ ਵਾਇਰਸ ਦੀ ਜਾਂਚ ਵਿੱਚ ਪੀੜਤ ਨਾ ਮਿਲਣ ਦੇ ਬਾਵਜੂਦ ਪਿੰਡ ਦੇ ਲੋਕਾਂ ਨੇ ਇੱਕ ਵਿਅਕਤੀ ਦੇ ਬਿਮਾਰੀ ਤੋਂ ਗ੍ਰਸਤ ਹੋਣ ਦੇ ਸ਼ੱਕ ਵਿੱਚ ਉਸ ਦਾ ਸਮਾਜਕ ਬਾਈਕਾਟ ਕਰ ਦਿੱਤਾ, ਜਿਸ ਕਾਰਨ ਉਸ ਨੇ ਕੱਲ੍ਹ ਫਾਂਸੀ ਲਾ ਕੇ ਖੁਦਕੁਸ਼ੀ ਕਰ ਲਈ।



ਪੁਲਸ ਅਧਿਕਾਰੀਆਂ ਮੁਤਾਬਕ ਬਾਨਗੜ੍ਹ ਵਾਸੀ 37 ਸਾਲਾ ਮੁਹੰਮਦ ਦਿਲਸ਼ਾਦ ਨੂੰ ਸਿਹਤ ਵਿਭਾਗ ਦੇ ਅਧਿਕਾਰੀ ਸ਼ਨੀਵਾਰ ਨੂੰ ਪਿੰਡ ਛੱਡ ਗਏ ਸਨ। ਇੱਕ ਦਿਨ ਬਾਅਦ ਉਸ ਨੇ ਘਰ ਵਿੱਚ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਕੁਝ ਦਿਨ ਪਹਿਲਾਂ ਉਸ ਨੂੰ ਸ਼ੱਕ ਦੇ ਆਧਾਰ 'ਤੇ ਹਸਪਤਾਲ ਵਿੱਚ ਦਾਖਲ ਕੀਤਾ ਗਿਆ ਸੀ, ਜਿੱਥੇ ਜਾਂਚ ਵਿੱਚ ਰਿਪੋਰਟ ਨੈਗੇਟਿਵ ਆਈ। ਪੁਲਸ ਅਧਿਕਾਰੀ ਦਰਸ਼ਨ ਸਿੰਘ ਨੇ ਦੱਸਿਆ ਕਿ ਦਿਲਸ਼ਾਦ ਦਿੱਲੀ ਵਿੱਚ ਤਬਲੀਗੀ ਜਮਾਤ ਦੇ ਸਮਾਗਮ ਵਿੱਚ ਹਿੱਸਾ ਲੈ ਕੇ ਮੁੜਿਆ ਸੀ। ਪਤਾ ਲੱਗਾ ਹੈ ਕਿ ਕੁਝ ਵਿਅਕਤੀਆਂ ਨੇ ਕਿਹਾ ਸੀ ਕਿ ਇਹ ਸ਼ਖਸ ਕੋਰਨਾ ਨਾਲ ਪੀੜਤ ਹੈ। ਉਸ ਨੂੰ ਆਈਸੋਲੇਸ਼ਨ ਕੇਂਦਰ ਵਿੱਚ ਰੱਖਿਆ ਗਿਆ ਹੈ। ਜਦ ਉਹ ਪਿੰਡ ਮੁੜਿਆ ਤਾਂ ਉਸ ਨਾਲ ਵਿਤਕਰਾ ਕੀਤਾ ਗਿਆ ਤੇ ਪਿੰਡ ਵਾਲਿਆਂ ਨੇ ਸਮਾਜਕ ਬਾਈਕਾਟ ਕਰ ਦਿੱਤਾ। ਜਿਸ ਤੋਂ ਦੁਖੀ ਹੋ ਕੇ ਉਸ ਨੇ ਖੁਦਕੁਸ਼ੀ ਕਰ ਲਈ।

## ਕੋਰੋਨਾ ਵਾਇਰਸ ਫੈਲਣ 'ਤੇ ਅਮਰੀਕਾ ਨੇ ਚੀਨ ਨੂੰ ਲੱਖਾਂ ਮਾਸਕ ਤੇ ਵੈਂਟੀਲੇਟਰ ਵੇਚੇ ਸਨ

ਨਵੀਂ ਦਿੱਲੀ, 6 ਅਪ੍ਰੈਲ (ਪੋਸਟ ਬਿਊਰੋ)- ਅੱਜ ਕੱਲ੍ਹ ਅਮਰੀਕਾ 'ਚ ਕੋਰੋਨਾ ਵਾਇਰਸ ਨਾਲ ਮਰਨ ਵਾਲਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ, ਉਥੇ ਇੱਕ ਵੱਡੇ ਖੁਲਾਸੇ ਨਾਲ ਹੰਗਾਮਾ ਮਚ ਗਿਆ ਹੈ ਕਿ ਕੁਝ ਸਮਾਂ ਪਹਿਲਾਂ ਅਮਰੀਕਾ ਨੇ ਲੱਖਾਂ ਮਾਸਕ ਤੇ ਵੈਂਟੀਲੇਟਰ ਚੀਨ ਨੂੰ ਵੇਚੇ ਸਨ ਤੇ ਅੱਜ ਅਮਰੀਕਾ ਦੇ ਹਸਪਤਾਲਾਂ 'ਚ ਡਾਕਟਰਾਂ ਤੇ ਹੋਰ ਮੈਡੀਕਲ ਸਟਾਫ਼ ਨੂੰ ਆਪਣੇ ਲਈ ਲੋੜੀਂਦੇ ਸਾਮਾਨ ਸਰਜੀਕਲ ਮਾਸਕ ਅਤੇ ਫੇਸ ਸ਼ੀਲਡ ਤੋਂ ਬਿਨਾਂ ਮਰੀਜ਼ਾਂ ਦਾ ਇਲਾਜ ਕਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਕਈ ਰਾਜਾਂ ਵਿੱਚ ਵੈਂਟੀਲੇਟਰਾਂ ਦੀ ਘਾਟ ਹੈ। ਇਸ ਦੌਰਾਨ ਅਮਰੀਕਾ ਰਾਸ਼ਟਰਪਤੀ ਨੂੰ ਫ਼ੋਨ ਉੱਤੇ ਵਿਸ਼ੇਸ਼ ਤੌਰ 'ਤੇ ਰੂਸ ਦੇ ਰਾਸ਼ਟਰਪਤੀ ਪੁਤਿਨ ਨਾਲ ਗੱਲ ਕਰਕੇ ਲੱਖਾਂ ਮਾਸਕ ਤੇ ਵੈਂਟੀਲੇਟਰ ਕੱਲ੍ਹ ਵੱਡੇ ਕਾਰਗੋ ਜਹਾਜ਼ ਰਾਹੀਂ ਮੰਗਵਾਉਣੇ ਪਏ ਹਨ, ਜਿਸ ਦੀ ਇੱਕ ਖੇਪ ਪਹੁੰਚ ਗਈ ਹੈ। ਵੱਡਾ ਖੁਲਾਸਾ ਇਹ ਹੋਇਆ ਹੈ ਕਿ ਜਨਵਰੀ ਤੇ ਫਰਵਰੀ ਵਿੱਚ ਅਮਰੀਕਾ ਨੇ ਚੀਨ ਨੂੰ ਲੱਖਾਂ ਮਾਸਕ, ਵੈਂਟੀਲੇਟਰ ਤੇ ਡਾਕਟਰੀ ਅਮਲੇ ਨੂੰ ਲੋੜੀਂਦੇ ਹਿਫ਼ਾਜ਼ਤੀ ਸਾਮਾਨ ਦੀ ਬਰਾਮਦ ਕੀਤੀ ਸੀ।

## ਯੂ-ਟਿਊਬ ਦੇਖ ਕੇ 48 ਘੰਟੇ ਵਿੱਚ ਆਟੋਮੈਟਿਕ ਸੈਨੀਟਾਈਜ਼ਿੰਗ ਮਸ਼ੀਨ ਬਣਾ ਦਿੱਤੀ



ਮੰਦਸੌਰ, 6 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਦੀ ਮਹਾਮਾਰੀ ਜਦੋਂ ਸਭ ਤੋਂ ਵੱਡੀ ਚੁਣੌਤੀ ਬਣ ਗਈ ਹੈ, ਓਦੋਂ ਇੱਕ ਤੋਂ ਇੱਕ ਵੱਧ ਕੇ ਕ੍ਰਿਏਟਿਵ ਲੋਕ ਸਾਹਮਣੇ ਆ ਰਹੇ ਹਨ।

ਮੱਧ ਪ੍ਰਦੇਸ਼ ਦੇ ਮੰਦਸੌਰ ਦੇ ਨਾਹਰੂ ਖਾਨ ਨੇ 62 ਸਾਲ ਦੀ ਉਮਰ ਵਿੱਚ ਯੂ-ਟਿਊਬ 'ਤੇ ਵੀਡੀਓ ਦੇਖ ਕੇ 48 ਘੰਟੇ ਦੇ ਅੰਦਰ ਆਟੋਮੈਟਿਕ ਸੈਨੀਟਾਈਜ਼ਿੰਗ ਮਸ਼ੀਨ ਬਣਾ ਲਈ। ਉਸ ਦੀ ਇਸ ਖੋਜ ਤੋਂ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਵੀ ਬਹੁਤ ਖੁਸ਼ ਹੋਏ ਹਨ। ਨਾਹਰੂ ਖਾਨ ਨੇ ਇਸ ਮਸ਼ੀਨ ਨੂੰ ਮੰਦਸੌਰ ਦੇ ਇੰਦਰਾ ਗਾਂਧੀ ਜ਼ਿਲਾ ਹਸਪਤਾਲ ਵਿੱਚ ਡੋਨੇਟ ਕਰ ਦਿੱਤਾ ਹੈ। ਵਰਨਣ ਯੋਗ ਹੈ ਕਿ ਨਾਹਰੂ ਖਾਨ ਦੀ ਉਮਰ 62 ਸਾਲ ਹੈ, ਪਰ ਕੋਰੋਨਾ ਨਾਲ ਸਿੱਝਣ ਲਈ ਦਿਨ-ਰਾਤ ਲੱਗੇ ਰਹਿੰਦੇ ਹਨ। ਅਜੇ ਤੱਕ ਮੰਦਸੌਰ ਜ਼ਿਲੇ ਦੇ ਹਸਪਤਾਲ ਵਿੱਚ ਲੋਕ ਸੈਨੇਟਾਈਜਰ ਨਾਲ ਹੱਥ ਸਾਫ ਕਰਦੇ ਸਨ। ਨਾਹਰੂ ਖਾਨ ਨੇ ਫੁਲ ਬਾਡੀ ਸੈਨੇਟਾਈਜ ਕਰਨ ਦੇ ਲਈ ਇੱਕ ਆਟੋਮੈਟਿਕ ਸੈਨੇਟਾਈਜ਼ਿੰਗ ਮਸ਼ੀਨ ਬਣਾਈ ਹੈ।


# ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆ ਦੀ ਤੁਰੰਤ ਜਰੂਰਤ ਹੈ। Pickup ਅਤੇ Drop off ਦੀ ਵੀ ਪੂਰਾ ਪ੍ਰਬੰਧ ਹੈ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

ਸੂਬੇਦਾਰ ਜਾਂ ਅਵਤਾਰ ਸਿੰਘ

**647-400-0060**

# ਹੈਲਪਰ ਦੀ ਲੋੜ ਹੈ



**Construction Company**

FULL TIME WORK

416-618-3358 | 905-789-7783

ਜਾਂ ਫਿਰ ਈਮੇਲ ਕਰੋ: northyorkkitchen@gmail.com




## ਠੀਕ ਹੋਏ ਰੋਗੀਆਂ ਦੇ ਪਲਾਜਮਾ ਨਾਲ ਕੋਰੋਨਾ ਪੀੜਤਾਂ ਦਾ ਇਲਾਜ ਕਰ ਰਹੇ ਹਨ ਅਮਰੀਕੀ ਹਸਪਤਾਲ



ਨਿਊਯਾਰਕ, 6 ਅਪ੍ਰੈਲ (ਪੋਸਟ ਬਿਊਰੋ)- ਦੁਨੀਆ ਭਰ ਦੇ ਡਾਕਟਰ ਅਤੇ ਵਿਗਿਆਨਕ ਕੋਰੋਨਾ ਵਾਇਰਸ ਦਾ ਤੋੜ ਲੱਭਣ ਜੁਟੇ ਹੋਏ ਹਨ। ਅਮਰੀਕੀ ਹਸਪਤਾਲਾਂ ਦੇ ਕੁਝ ਡਾਕਟਰ ਇਹ ਪ੍ਰਯੋਗ ਕਰ ਰਹੇ ਹਨ ਕਿ ਕੀ ਠੀਕ ਹੋ ਚੁੱਕੇ ਮਰੀਜ਼ ਦੇ ਬਲਡ ਪਲਾਜਮਾ ਨਾਲ ਬੀਮਾਰ ਵਿਅਕਤੀ ਦਾ ਇਲਾਜ ਕੀਤਾ ਜਾ ਸਕਦਾ ਹੈ।

ਪਤਾ ਲੱਗਾ ਹੈ ਕਿ ਅਮਰੀਕੀ ਹਸਪਤਾਲ ਕੋਰੋਨਾ ਮਹਾਮਾਰੀ ਦੇ ਕਹਿਰ ਨਾਲ ਠੀਕ ਹੋ ਚੁਕੇ ਮਰੀਜ਼ਾਂ ਦੇ ਪਲਾਜਮਾ ਦੇ ਨਾਲ ਇਸ ਦੀ ਲਾਗ ਦਾ ਸ਼ਿਕਾਰ ਹੋਏ ਲੋਕਾਂ ਦਾ ਇਲਾਜ ਕਰ ਰਹੇ ਹਨ। ਉਹ ਚਾਹੁੰਦੇ ਹਨ ਕਿ ਠੀਕ ਹੋ ਚੁਕੇ ਲੋਕ ਆਪਣਾ ਪਲਾਜਮਾ ਦਾਨ ਕਰਨ। ਇਸ ਖ਼ੂਨ ਵਿੱਚ ਮੌਜੂਦ ਰੰਗਹੀਣ ਪਲਾਜਮਾ ਵਿੱਚ ਐਂਟੀਬਾਡੀਜ ਹੁੰਦਾ ਹੈ ਜੋ ਵਾਇਰਸ ਨਾਲ ਲੜਨ ਵਿੱਚ ਮਦਦ ਕਰਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਦੀ ਵਰਤੋਂ ਗੰਭੀਰ ਬੀਮਾਰ ਲੋਕਾਂ ਵਿੱਚ ਹੋ ਸਕਦੀ ਹੈ। ਇਸ ਬਾਰੇ ਅਮਰੀਕਨ ਏਸੋਸੀਏਸ਼ਨ ਆਫ ਬਲੱਡ ਬੈਂਕਸ (ਏ ਏ ਬੀ ਬੀ) ਨੇ ਪਲਾਜਮਾ ਦਾਨ ਦੇਣ ਦੇ ਇਛੁੱਕ ਲੋਕਾਂ ਦੀ ਮਦਦ ਦੇ ਲਈ ਹਸਪਤਾਲਾਂ ਨੂੰ ਗਾਈਡਲਾਈਨ ਜਾਰੀ ਕੀਤੀ ਹੈ।

ਕੋਰੋਨਾ ਦੀ ਲਾਗ ਦੇ ਬਾਅਦ ਠੀਕ ਹੋ ਚੁੱਕੇ ਅਮਰੀਕੀ ਨਾਗਰਿਕ ਐਂਡਰਿਊ ਸ਼ਰਮਨ ਨੂੰ ਇਸ ਦਾ ਇਹਸਾਸ ਹੈ ਕਿ ਹਸਪਤਾਲ ਵਿੱਚ ਜ਼ਿੰਦਗੀ ਦੀ ਇਹ ਲੜਾਈ ਕਿੰਨੀ ਕਠਿਨ ਹੈ ਤੇ ਇਸ ਲਈ ਉਹ ਕੋਰੋਨਾ ਤੋਂ ਪੀੜਤ ਲੋਕਾਂ ਦੀ ਮਦਦ ਨੂੰ ਅੱਗੇ ਆਏ ਹਨ। ਹਸਪਤਾਲ ਤੋਂ ਬਾਹਰ ਆਉਂਦੇ ਹੀ ਉਨ੍ਹਾਂ ਨੇ ਸਭ ਤੋਂ ਪਹਿਲਾਂ ਬਲਡ ਪਲਾਜਮਾ ਨੂੰ ਡੋਨੇਟ ਕੀਤਾ ਹੈ।

## ਆਸਟਰੇਲੀਆ ਵਿੱਚ ਭਾਰਤੀ ਵਿਦਿਆਰਥੀਆਂ ਨੂੰ ਰਾਹਤ


ਆਸਟ੍ਰੇਲੀਆ ਦੇ ਕਾਰਜਕਾਰੀ ਇਮੀਗਰੇਸ਼ਨ ਮੰਤਰੀ ਐਲਨ ਟਰੂਜ

ਮੈਲਬਰਨ, 6 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਦੀ ਮਹਾਮਾਰੀ ਦੇ ਕਾਰਨ ਆਸਟਰੇਲੀਆ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਭਾਰਤੀਆਂ ਸਮੇਤ ਵਿਦੇਸ਼ੀ ਵਿਦਿਆਰਥੀਆਂ ਨੂੰ ਰਾਹਤ ਦੇ ਕੇ ਸਰਕਾਰ ਨੇ ਕਿਹਾ ਕਿ ਅਜਿਹੇ ਵਿਦਿਆਰਥੀ ਆਰਥਿਕ ਮਦਦ ਦੇ ਹੱਕਦਾਰ ਹੋਣਗੇ, ਜੋ ਦੇਸ਼ ਵਿੱਚ ਇੱਕ ਸਾਲ ਤੋਂ ਵੱਧ ਸਮੇਂ ਤੋਂ ਰਹਿ ਰਹੇ ਹਨ। ਇਹ ਕਦਮ ਉਸ ਸਮੇਂ ਚੁੱਕਿਆ ਗਿਆ, ਜਦੋਂ ਪ੍ਰਧਾਨ ਮੰਤਰੀ ਸਕਾਟ ਮਾਰੀਸਨ ਨੇ ਇੱਕ ਦਿਨ ਪਹਿਲਾਂ ਕਿਹਾ ਸੀ ਕਿ ਵਿਦੇਸ਼ੀ ਵਿਦਿਆਰਥੀ ਆਪਣੇ ਵੀਜ਼ਾ ਨਿਯਮਾਂ ਦੇ ਮੁਤਾਬਕ ਕਿਸੇ ਵਿੱਤੀ ਮਦਦ ਦੇ ਹੱਕਦਾਰ ਨਹੀਂ ਹਨ। ਕਾਰਜਕਾਰੀ ਇਮੀਗਰੇਸ਼ਨ ਮੰਤਰੀ ਐਲਨ ਟਰੂਜ ਨੇ ਇੱਕ ਬਿਆਨ ਜਾਰੀ ਕਰ ਕੇ ਕਿਹਾ ਹੈ ਕਿ ਜੋ ਵਿਦਿਆਰਥੀ ਏਥੇ 12 ਮਹੀਨੇ ਤੋਂ ਵੱਧ ਸਮੇਂ ਤੋਂ ਰਹਿ ਰਹੇ ਹਨ ਅਤੇ ਕਠਿਨਾਈ ਦਾ ਸਾਹਮਣਾ ਕਰ ਰਹੇ ਹਨ, ਉਹ ਆਸਟਰੇਲੀਆਈ ਮਦਦ ਦੇ ਹੱਕਦਾਰ ਹੋਣਗੇ। ਸਰਕਾਰ ਅੰਤਰਰਾਸ਼ਟਰੀ ਸਿਖਿਆ ਖੇਤਰ ਨਾਲ ਸੰਬੰਧਤ ਸੰਗਠਨਾਂ ਨਾਲ ਗੱਲ ਕਰੇਗੀ, ਜੋ ਮੁਸ਼ਕਲ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਨੂੰ ਪਹਿਲਾਂ ਤੋਂ ਕੁਝ ਵਿੱਤੀ ਮਦਦ ਦੇਂਦੇ ਰਹੇ ਹਨ। ਆਸਟਰੇਲੀਆ ਦੇ ਕੋਲ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਭਾਰਤ ਦੂਸਰੇ ਸਥਾਨ 'ਤੇ ਹੈ। ਸਰਕਾਰ ਅਜਿਹੇ ਕੇਸਾਂ ਵਿੱਚ ਵੀ ਨਰਮ ਰੁਖ਼ ਅਪਣਾਏਗੀ, ਜਿਨ੍ਹਾਂ ਵਿੱਚ ਕੋਰੋਨਾ ਵਾਇਰਸ ਮਹਾਮਾਰੀ ਦੇ ਚਲਦੇ ਵਿਦੇਸ਼ੀ ਵਿਦਿਆਰਥੀ ਕਲਾਸਾਂ ਵਿੱਚ ਹਾਜ਼ਰ ਹੋਣ ਵਰਗੇ ਵੀਜ਼ਾ ਨਿਯਮਾਂ ਨੂੰ ਪੂਰਾ ਕਰ ਸਕਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ।

## ਟਰੰਪ ਦਾ ਛੋਟਾ ਪੁੱਤਰ ਬੈਰਨ ਘਰ 'ਚ ਰਹਿ ਕੇ ਖ਼ੁਸ਼ ਨਹੀਂ



ਵਾਸ਼ਿੰਗਟਨ, 6 ਅਪ੍ਰੈਲ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਛੋਟਾ ਪੁੱਤਰ ਬੈਰਨ ਘਰ 'ਚ ਰਹਿ ਕੇ ਖ਼ੁਸ਼ ਨਹੀਂ। 14 ਸਾਲਾ ਬੈਰਨ ਆਪਣੀ ਮਾਂ ਮੇਲਾਨੀਆ ਅਤੇ ਪਿਤਾ ਡੋਨਾਲਡ ਟਰੰਪ ਨਾਲ ਰਾਸ਼ਟਰਪਤੀ ਭਵਨ ਵ੍ਹਾਈਟ ਹਾਊਸ ਵਿੱਚ ਹੀ ਰਹਿੰਦਾ ਹੈ। ਸਾਲ 1963 'ਚ ਜੌਹਨ ਐਫ ਕੈਨੇਡੀ ਜੂਨੀਅਰ ਪਿੱਛੋਂ ਇਹ ਪਹਿਲਾ ਮੌਕਾ ਹੈ ਜਦੋਂ ਕਿਸੇ ਰਾਸ਼ਟਰਪਤੀ ਦਾ ਪੁੱਤਰ ਵ੍ਹਾਈਟ ਹਾਊਸ ਵਿੱਚ ਪਿਤਾ ਦੇ ਨਾਲ ਰਹਿ ਰਿਹਾ ਹੈ। ਵ੍ਹਾਈਟ ਹਾਊਸ ਦੇ ਕੁਝ ਰਵਾਇਤੀ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਤੋਂ ਇਲਾਵਾ ਬੈਰਨ ਸਰਕਾਰੀ ਸਰਗਰਮੀਆਂ ਤੋਂ ਦੂਰ ਰਹਿੰਦਾ ਹੈ। ਪੱਤਰਕਾਰਾਂ ਦੇ ਸਵਾਲ 'ਤੇ ਟਰੰਪ ਨੇ ਕਿਹਾ ਕਿ ਬੈਰਨ ਚੰਗਾ ਐਥਲੀਟ ਹੈ, ਉਸ ਨੂੰ ਫੁੱਟਬਾਲ ਕਾਫ਼ੀ ਪਸੰਦ ਹੈ, ਉਹ ਵੀ ਹੋਰ ਲੋਕਾਂ ਵਰਗਾ ਹੈ। ਉਹ ਆਪਣੇ ਕਮਰੇ ਵਿੱਚ ਖ਼ੁਸ਼ ਹੈ, ਪ੍ਰੰਤੂ ਉਨਾ ਨਹੀਂ ਜਿੰਨਾ ਸਾਧਾਰਨ ਦਿਨਾਂ ਵਿੱਚ ਹੁੰਦਾ ਹੈ। ਰਾਸ਼ਟਰਪਤੀ ਨੇ ਇਹ ਗੱਲ ਓਦੋਂ ਕਹੀ ਜਦੋਂ ਕੁਝ ਪੱਤਰਕਾਰਾਂ ਨੇ ਉਨ੍ਹਾਂ ਤੋਂ ਘਰ 'ਚ ਰਹਿੰਦੇ ਛੋਟੇ ਪੁੱਤਰ ਦੇ ਤਜਰਬੇ ਸਾਂਝੇ ਕਰਨ ਦੀ ਬੇਨਤੀ ਕੀਤੀ। ਟਰੰਪ ਨੇ ਕਿਹਾ ਕਿ ਬੈਰਨ ਨੂੰ ਖੇਡਣਾ ਪਸੰਦ ਹੈ। ਦੇਖਦੇ ਹਾਂ ਕੀ ਹੁੰਦਾ ਹੈ। ਜਲਦੀ ਹੀ ਸਭ ਠੀਕ ਹੋਵੇਗਾ। ਅਮਰੀਕਾ ਦੇ 50 ਵਿੱਚੋਂ 40 ਤੋਂ ਵੱਧ ਰਾਜਾਂ ਵਿੱਚ ਲੋਕਾਂ ਨੂੰ ਘਰਾਂ ਵਿੱਚ ਰਹਿਣ ਨੂੰ ਕਿਹਾ ਗਿਆ ਹੈ। ਇਸ ਕਾਰਨ ਅਮਰੀਕਾ ਦੀ 90 ਫ਼ੀਸਦੀ ਜਨਤਾ ਇਸ ਸਮੇਂ ਆਪਣੇ ਘਰਾਂ 'ਚ ਹੀ ਰਹਿਣ ਨੂੰ ਮਜਬੂਰ ਹੈ।

## ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਮੁੱਖ ਗ੍ਰੰਥੀ ਦੀ ਕੋਰੋਨਾ ਕਾਰਨ ਮੌਤ



ਲੰਡਨ, 6 ਅਪ੍ਰੈਲ (ਪੋਸਟ ਬਿਊਰੋ)- ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਮੁੱਖ ਗ੍ਰੰਥੀ ਭਾਈ ਅਮਰੀਕ ਸਿੰਘ ਦੀ ਕੱਲ੍ਹ ਸਵੇਰੇ ਮੌਤ ਹੋ ਗਈ। ਉਹ ਬੀਤੇ ਦਸ ਦਿਨਾਂ ਤੋਂ ਇਕਾਂਤਵਾਸ 'ਚ ਸਨ ਅਤੇ ਕੋਰੋਨਾ ਤੋਂ ਪ੍ਰਭਾਵਿਤ ਸਨ। 54 ਸਾਲਾਂ ਦੇ ਭਾਈ ਅਮਰੀਕ ਸਿੰਘ ਆਪਣੇ ਪਿੱਛੇ ਪਤਨੀ ਅਤੇ ਦੋ ਬੇਟੇ ਛੱਡ ਗਏ ਹਨ। ਭਾਈ ਅਮਰੀਕ ਸਿੰਘ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਗੰਢੇਕੇ ਦੇ ਜੰਮਪਲ ਸਨ ਅਤੇ ਕਈ ਸਾਲਾਂ ਤੋਂ ਗੁਰਦੁਆਰਾ ਸਿੰਘ ਸਭਾ ਸਾਊਥਾਲ ਵਿਖੇ ਹੈੱਡ ਗ੍ਰੰਥੀ ਵਜੋਂ ਸੇਵਾ ਨਿਭਾ ਰਹੇ ਸਨ। ਉਨ੍ਹਾਂ ਨੂੰ ਗੁਰਬਾਣੀ ਪਾਠ, ਕਥਾ ਵਿਚਾਰਾਂ ਦੇ ਨਾਲ-ਨਾਲ ਕੀਰਤਨ ਦੀ ਵੀ ਮੁਹਾਰਤ ਹਾਸਲ ਸੀ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗੁਰਮੇਲ ਸਿੰਘ ਮੱਲ੍ਹੀ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਭਾਈ ਅਮਰੀਕ ਸਿੰਘ ਦਾ ਅੰਤਿਮ ਸੰਸਕਾਰ ਸਰਕਾਰ ਦੇ ਜਾਰੀ ਨਿਰਦੇਸ਼ਾਂ ਹੇਠ ਕੀਤਾ ਜਾਵੇਗਾ।

## ਥਾਈਲੈਂਡ ਅਤੇ ਮਲੇਸ਼ੀਆ ਦੇ ਵੇਟਲਿਫਟਰ ਟੋਕੀਓ ਓਲੰਪਿਕ ਤੋਂ ਪਾਬੰਦੀ ਸ਼ੁਦਾ ਕੀਤੇ ਗਏ

ਪੈਰਿਸ, 6 ਅਪ੍ਰੈਲ (ਪੋਸਟ ਬਿਊਰੋ)- ਥਾਈਲੈਂਡ ਤੇ ਮਲੇਸ਼ੀਆ ਦੇ ਵੇਟਲਿਫਟਰਾਂ ਨੂੰ ਡੋਪਿੰਗ ਉਲੰਘਣਾ ਦੇ ਕਾਰਨ 2021 ਟੋਕੀਓ ਓਲੰਪਿਕ ਵਿੱਚ ਖੇਡਣ ਤੋਂ ਪਾਬੰਦੀ ਸ਼ੁਦਾ ਕਰ ਦਿੱਤਾ ਗਿਆ ਹੈ।

ਇੰਡੀਪੈਂਡੈਂਟ ਮੈਂਬਰ ਫੈਡਰੇਸ਼ਨ ਸੈਂਕਸ਼ਨਜ਼ ਪੈਨਲ ਨੇ ਇਹ ਐਲਾਨ ਕੀਤਾ ਹੈ। ਥਾਈ ਐਮੇਚਿਓਰ ਵੇਟਲਿਫਟਿੰਗ ਫੈਡਰੇਸ਼ਨ ਅਤੇ ਮਲੇਸ਼ੀਆ ਵੇਟਲਿਫਟਿੰਗ ਫੈਡਰੇਸ਼ਨ ਨੂੰ ਇਸ ਦੇ ਨਾਲ ਕ੍ਰਮਵਾਰ ਤਿੰਨ ਸਾਲ ਅਤੇ ਇੱਕ ਸਾਲ ਲਈ ਕੌਮਾਂਤਰੀ ਵੇਟਲਿਫਟਿੰਗ ਫੈਡਰੇਸ਼ਨ ਦੇ ਮੈਂਬਰ ਵਜੋਂ ਸਸਪੈਂਡ ਕਰ ਦਿੱਤਾ ਗਿਆ ਹੈ। ਪੈਨਲ ਨੇ ਕਿਹਾ ਕਿ ਥਾਈਲੈਂਡ ਤੇ ਮਲੇਸ਼ੀਆ ਦੇ ਵੇਟਲਿਫਟਰਾਂ 'ਤੇ ਟੋਕੀਓ ਓਲੰਪਿਕ ਵਿੱਚ ਹਿੱਸਾ ਲੈਣ ਦੀ ਪਾਬੰਦੀ ਓਲੰਪਿਕ ਦੇ ਪ੍ਰੋਗਰਾਮ ਵਿੱਚ ਬਦਲਾਅ ਦੇ ਬਾਵਜੂਦ ਜਾਰੀ ਰਹੇਗੀ। ਟੋਕੀਓ ਓਲੰਪਿਕ ਨੂੰ ਕੋਰੋਨਾ ਦੇ ਕਾਰਨ 2021 ਤੱਕ ਲਈ ਮੁਲਤਵੀ ਕੀਤਾ ਗਿਆ ਹੈ।

ਥਾਈਲੈਂਡ ਦੇ ਨੌਂ ਵੇਟਲਿਫਟਰ 2018 ਵਿਸ਼ਵ ਚੈਂਪੀਅਨਸ਼ਿਪ ਵਿੱਚ ਪਾਜ਼ੇਟਿਵ ਨਿਕਲਣ ਤੋਂ ਬਾਅਦ ਥਾਈਲੈਂਡ ਨੇ ਖੁਦ ਨੂੰ ਟੋਕੀਓ ਓਲੰਪਿਕ ਸਮੇਤ ਕੌਮਾਂਤਰੀ ਮੁਕਾਬਲਿਆਂ ਤੋਂ ਹਟਾ ਲਿਆ ਸੀ। ਕਿਸੇ ਵੀ ਥਾਈ ਵੇਟਲਿਫਟਰ ਨੇ ਖੁਦ ਨੂੰ ਸਸਪੈਂਡ ਕਰਨ ਤੋਂ ਬਾਅਦ ਕੌਮਾਂਤਰੀ ਵੇਟਲਿਫਟਿੰਗ ਫੈਡਰੇਸ਼ਨ ਦੇ ਓਲੰਪਿਕ ਕੁਆਲੀਫਿਕੇਸ਼ਨ ਵਿੱਚ ਹਿੱਸਾ ਨਹੀਂ ਲਿਆ ਹੈ। ਪੈਨਲ ਨੇ ਕਿਹਾ ਕਿ ਥਾਈਲੈਂਡ 'ਤੇ ਲੱਗੀ ਪਾਬੰਦੀ ਘੱਟੋ ਘੱਟ ਸੱਤ ਮਾਰਚ 2022 ਤੱਕ ਜਾਰੀ ਰਹੇਗੀ ਤੇ ਉਸ ਮਿਤੀ ਜਾਂ ਉਸ ਤੋਂ ਬਾਅਦ ਇਸ ਪਾਬੰਦੀ ਨੂੰ ਉਦੋਂ ਹਟਾਇਆ ਜਾਵੇਗਾ, ਜਦੋਂ ਥਾਈਲੈਂਡ ਮਿਥੇ ਸਟੈਂਡਰਡ ਪੂਰੇ ਕਰੇਗਾ।

ਮਲੇਸ਼ੀਆ ਅਤੇ ਉਸ ਦੇ ਤਿੰਨ ਵੇਟਲਿਫਟਰਾਂ ਨੂੰ ਇੱਕ ਕੈਲੰਡਰ ਸਾਲ ਵਿੱਚ ਡੋਪਿੰਗ ਲਈ ਦੋਸ਼ੀ ਪਾਏ ਜਾਣ ਤੋਂ ਬਾਅਦ ਪਾਬੰਦੀ ਲਾਈ ਗਈ ਹੈ। ਜੇ ਮਲੇਸ਼ੀਆ ਡੋਪਿੰਗ ਰੋਕਣ ਲਈ ਨਿਰਧਾਰਤ ਪੈਮਾਨੇ ਦੀ ਪਾਲਣਾ ਕਰਦਾ ਹੈ ਤਾਂ ਉਸ 'ਤੇ ਲੱਗੀ ਪਾਬੰਦੀ ਇਸ ਸਾਲ ਚਾਰ ਅਕਤੂਬਰ ਨੂੰ ਹਟ ਸਕਦੀ ਹੈ। ਪੈਨਲ ਨੇ ਕਿਹਾ ਕਿ ਦੋਵਾਂ ਫੈਡਰੇਸ਼ਨਾਂ ਕੋਲ ਖੇਡ ਆਰਬਿਟ੍ਰੇਸ਼ਨ ਕੋਰਟ ਵਿੱਚਅਪੀਲ ਕਰਨ ਲਈ ਇੱਕ ਅਪ੍ਰੈਲ ਤੋਂ ਬਾਅਦ ਤੋਂ 21 ਦਿਨ ਦਾ ਸਮਾਂ ਰਹੇਗਾ।



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
Canadian Red Cross Training Partner

A/Z CITY DRIVER WANTED
INNOVATION Transportation
○A/Z City Drivers Needed
○Good Pay and good Mileage
○Day, Afternoon & Weekend Shifts
○Weekly Pay
$22 /Hour
○7 Days Work ○All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
New Basement $1,000
Services: Complete Basement • Tiles • Bathrooms • Plumbing • Laminate • Hardwood Floor • Painting
A-1 RENOVATION GTA INC.
22 Listcreek Road, Brampton L6p 2n6

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011 Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $57 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN Sales Representative
HomeLife Maple Leaf Realty Ltd. 80 Eastern Ave, Brampton, ON Tel: 905.456.9090

## ਲੜਕੀ ਦੀ ਲੋੜ

ਰਾਮਗੜ੍ਹੀਆ ਅੰਮ੍ਰਿਤਧਾਰੀ ਲੜਕਾ 6'-2"/24-08-1995 ਕੈਨੇਡਾ ਪੀ ਆਰ ਲਈ ਗੁਰਸਿੱਖ ਲੜਕੀ ਦੀ ਜਰੂਰਤ ਸਟੂਡੈਂਟ/ਵਰਕ ਪਰਮਿਟ ਸੰਪਰਕ ਕਰ ਸਕਦੇ। ਵਟਸਪ ਨੰਬਰ +1-778-237-0011 +91-98150-44205

ਜੱਟ ਸਿਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)



Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## ਲੜਕੇ ਦੀ ਲੋੜ

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002


ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710



UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
AVTAR UPPAL Manager
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY



ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

